# ਗੁਰਪਾਲ ਸਿੰਘ ਪਾਲ
## ਦਾ ਗਾਇਕੀ ਸਫ਼ਰ

# ਗੁਰਪਾਲ ਸਿੰਘ ਪਾਲ
# ਦਾ ਗਾਇਕੀ ਸਫ਼ਰ

*ਸਵਰਨ ਸਿੰਘ ਟਹਿਣਾ*

**ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ**

**ਗੁਰਪਾਲ ਸਿੰਘ ਪਾਲ**
**ਦਾ ਗਾਇਕੀ ਸਫ਼ਰ**

**ਲੇਖਕ :**
***ਸਵਰਨ ਸਿੰਘ ਟਹਿਣਾ***
V.P.O. ਟਹਿਣਾ
ਜ਼ਿਲ੍ਹਾ ਤੇ ਤਹਿ. ਫਰੀਦਕੋਟ - 151203

ਪਹਿਲੀ ਵਾਰ : ਜੂਨ, 2001

© ਲੇਖਕ

**ਪ੍ਰਕਾਸ਼ਕ :**
***ਵਿਸ਼ਵ ਭਾਰਤੀ ਪ੍ਰਕਾਸ਼ਨ,***
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਬਰਨਾਲਾ
ਫੋਨ : 01679-33244, 41744
e-mail : amitter@jla.vsnl.net.in
www.thepunjabi.com

**ਛਾਪਕ : ਇੰਟੀਲੈਕਚੂਅਲ ਪ੍ਰਿੰਟਰਜ਼, ਜਲੰਧਰ।**

**ਕੀਮਤ :** ਪੇਪਰ ਬੈਕ 25 ਰੁਪਏ
ਸਜਿਲਦ 60 ਰੁਪਏ

# *ਸਮਰਪਿਤ*

*ਉਨ੍ਹਾਂ ਪੁਰਾਤਨ ਲੋਕ ਗਾਇਕਾਂ ਨੂੰ*
*ਜਿੰਨ੍ਹਾਂ ਦੁਆਰਾ ਗਾਏ ਗੀਤਾਂ ਦੇ ਬੋਲ*
*ਅੱਜ ਵੀ ਕੰਨਾਂ ਵਿੱਚ ਖੰਡ-ਮਿਸ਼ਰੀ ਘੋਲਦੇ ਹਨ।*



# *ਏਸੇ ਕਲਮ ਤੋਂ*

ਸੁਲਘਦੇ ਬੋਲ - 2000

ਮਾਣ-ਏ-ਫ਼ਰੀਦਕੋਟ (ਸੰਪਾਦਨਾ) - 2000

ਪੁਰਾਤਨ ਸੱਭਿਆਚਾਰ (ਛਪਵਾਈ ਅਧੀਨ)

ਫ਼ਰੀਦਕੋਟ ਦਾ ਇਤਿਹਾਸਕ ਝਰੋਖਾ (ਛਪਵਾਈ ਅਧੀਨ)

*ਪਾਲੀ ਪਾਣੀ ਖੂਹ ਤੋਂ ਭਰੇ...*



# ਸਫ਼ਾ ਸੰਕੇਤ


| | |
|---|---|
| ਭੂਮਿਕਾ | 9 |
| ਲੋਕ ਗਾਇਕੀ ਦਾ ਰੌਸ਼ਨ ਚਿਰਾਗ਼ | 11 |
| ਕੁੱਝ ਆਪਣੇ ਵੱਲੋਂ | 14 |
| ਸਤਾਈਵੇਂ ਸਾਲ ਤੱਕ ਦਾ ਝਰੋਖਾ | 17 |
| ਗਾਇਕੀ ਦਾ ਜੰਗੀ ਸਫ਼ਰ | 24 |
| ਕੈਸੇਟ ਕਲਚਰ ਵਿੱਚ ਪ੍ਰਵੇਸ਼ | 29 |
| ਪਾਲ ਦੀਆਂ ਵਿਦੇਸ਼ ਯਾਤਰਾਵਾਂ | 34 |
| ਮਾਨ-ਸਨਮਾਨ | 37 |
| ਅਜੋਕੀ ਗਾਇਕੀ ਪ੍ਰਤੀ ਪਾਲ ਦੇ ਵਿਚਾਰ | 40 |
| ਪਾਲ ਦੇ ਰੇਡੀਓ ਤੋਂ ਆਏ ਗੀਤ | 43 |
| ਟੈਲੀਵੀਜ਼ਨ ਤੋਂ ਆਏ ਗੀਤ | 45 |
| ਕੁਝ ਚੋਣਵੇਂ ਗੀਤ | 47 |
| ਚਿਤਰ ਪਟਾਰੀ | 64 |

# ਪਾਲੀ ਪਾਣੀ ਖੂਹ ਤੋਂ ਅਜੇ ਵੀ ਭਰਦੀ ਹੈ

ਸਿਰੀਏ ਵਾਲੇ ਪਿੰਡ ਦੀ ਉਹ ਰਾਤ ਮੈਨੂੰ ਹਾਲੇ ਵੀ ਕੱਲ ਦੇ ਸੁਪਨੇ ਵਾਂਗ ਯਾਦ ਹੈ, ਜਦੋਂ ਮੈਂ ਗੁਰਪਾਲ ਨੂੰ ਪਹਿਲੀ ਵਾਰ ਤੂੰਬੀ ਨਾਲ ਗਾਉਂਦਿਆਂ ਸੁਣਿਆ ਸੀ। ਉਸ ਦਿਨ ਜੇ. ਬੀ. ਟੀ. ਸਕੂਲ ਬਾਜਾਖਾਨਾ ਦੇ ਸਾਰੇ ਮੁੰਡੇ ਸਿਰੀਏ ਵਾਲੇ ਆਏ ਹੋਏ ਸਨ। ਸਿਰੀਏ ਵਾਲੇ ਦੇ ਸਕੂਲ ਵਿੱਚ ਉਸ ਸ਼ਾਮ ਨੂੰ ਉਨ੍ਹਾਂ ਨੇ ਇੱਕ ਸੱਭਿਆਚਾਰਕ ਪ੍ਰੋਗਰਾਮ ਕੀਤਾ ਸੀ। ਗੁਰਪਾਲ ਉਨ੍ਹਾਂ ਦਿਨਾਂ ਵਿੱਚ ਬਾਜੇਖਾਨੇ ਜੇ. ਬੀ. ਟੀ. ਦਾ ਵਿਦਿਆਰਥੀ ਸੀ। ਉਨ੍ਹਾਂ ਦਿਨਾਂ ਵਿੱਚ ਮੈਂ ਭਦੌੜ ਸਕੂਲ ਵਿੱਚ ਮਾਸਟਰ ਸੀ। ਭਰਪੂਰ ਸਿੰਘ ਸੰਧੂ ਧਨੌਲੇ ਵਾਲਾ ਬਾਜੇਖਾਨੇ ਜੇ. ਬੀ. ਟੀ. ਦਾ ਅਧਿਆਪਕ ਸੀ। ਸਿਰੀਏ ਵਾਲੇ ਉਹਦੀ ਭੈਣ ਵਿਆਹੀ ਹੋਈ ਸੀ। ਅਸੀਂ ਸਾਰੇ ਸਬੱਬ ਨਾਲ ਸਿਰੀਏ ਵਾਲੇ ਇਕੱਠੇ ਹੋ ਗਏ ਸਾਂ। ਸਿਆਲਾਂ ਦੀ ਚੁੱਪ ਰਾਤ ਸੀ। ਪਰ ਘਰ ਵਿੱਚ ਵਿਦਿਆਰਥੀਆਂ ਦੀ ਕੁਰਬਲ-ਕੁਰਬਲ। ਰੋਟੀਆਂ ਖਾਧੀਆਂ ਜਾ ਰਹੀਆਂ ਸਨ, ਦੁੱਧ ਪੀਤੇ ਜਾ ਰਹੇ ਸਨ। ਕੱਚੀ ਕੰਧ ਨਾਲ ਢੂਹ ਲਾ ਕੇ ਗੁਰਪਾਲ ਤੂੰਬੀ ਫੜੀ ਖੜ੍ਹਾ ਸੀ ਤੇ ਧੀਮੀ-ਧੀਮੀ ਆਵਾਜ਼ ਵਿੱਚ ਗਾ ਰਿਹਾ ਸੀ। ਉਹਦੀ ਆਵਾਜ਼ ਵਿੱਚ ਐਨੀ ਖਿੱਚ ਸੀ ਕਿ ਭਰਪੂਰ ਦੀ ਟਾਈਫਾਇਡ ਨਾਲ ਬੀਮਾਰ ਭਾਣਜੀ ਉੱਠ ਕੇ ਬੈਠ ਗਈ। ਗੁਰਪਾਲ ਹੋਰ ਵੀ ਸੁਰ-ਬੱਧ ਹੋ ਗਿਆ। ਮੈਂ ਇਸ ਮੁੰਡੇ ਨੂੰ ਪਹਿਲੀ ਵਾਰ ਉੱਥੇ ਗਾਉਂਦਿਆਂ ਸੁਣਿਆ। ਲੱਗਿਆ ਸੀ ਕਿ ਇਹ ਨੌਜਵਾਨ ਕਿਸੇ ਦਿਨ ਚਮਕੇਗਾ। ਪਰ ਇਹ ਡਰ ਵੀ ਸੀ ਕਿ ਕੀ ਪਤੈ ਵਿਚਾਰਾ ਪ੍ਰਾਇਮਰੀ ਮਾਸਟਰ ਬਣ ਕੇ ਹੀ ਰਹਿ ਜਾਵੇ।

ਸਕੂਲ-ਅਧਿਆਪਕ ਉਹ ਨਹੀਂ ਬਣਿਆ, ਗਾਇਕ ਹੀ ਬਣਿਆ ਅਤੇ ਸਿਰਕੱਢ ਗਾਇਕ ਬਣਿਆ। ਗੱਲ ਸਿਰੇ ਲਾ ਦਿੱਤੀ। ਉਨ੍ਹਾਂ ਦਿਨਾਂ ਵਿੱਚ ਉਹਨੂੰ 'ਤਾਰ ਬਾਬੂ' ਆਖਦੇ ਹੁੰਦੇ ਸਨ। ਉਹਦਾ ਗੀਤ 'ਪਾਲੀ ਪਾਣੀ ਖ਼ੂਹ ਤੋਂ ਭਰੇ' ਐਨਾ ਚੜ੍ਹਿਆ ਕਿ ਬੁਲੰਦੀਆਂ ਛੋਹ ਗਿਆ। ਲੋਕ ਗੁਰਪਾਲ ਨੂੰ 'ਪਾਲੀ' ਆਖਣ ਲੱਗ ਪਏ। ਸਾਉਣ ਦਾ ਮਹੀਨਾ ਹੁੰਦਾ, ਕੋਈ ਕੋਈ ਕਣੀ ਡਿਗਦੀ, ਪਾਲੀ ਪਾਣੀ ਖੂਹ ਤੋਂ....ਵਾਲਾ ਗੀਤ ਲਾਊਡ ਸਪੀਕਰ ਰਾਹੀਂ ਫਿਜ਼ਾ ਵਿੱਚ ਲਹਿਰਾਂ ਬਣ ਕੇ ਫੈਲ ਜਾਂਦਾ।

ਸੰਪੂਰਨ ਸਿੰਘ ਧੌਲਾ ਉਹਨਾਂ ਸਾਲਾਂ ਵਿੱਚ ਮਨਿਸਟਰਾਂ ਵਰਗਾ ਐਮ. ਐਲ. ਏ. ਸੀ, ਪੈਪਸੂ ਵਿਧਾਨ ਸਭਾ ਦਾ। ਮੈਂ ਨੇੜੇ ਹੀ ਕਿਧਰੇ ਸਕੂਲ ਮਾਸਟਰ ਲੱਗਿਆ ਹੋਇਆ ਸੀ। ਅਸੀਂ ਹਰ ਸਾਲ ਚੜ੍ਹਦੇ ਸਿਆਲ ਦੋ ਦਿਨਾਂ ਦਾ ਇੱਕ ਮੇਲਾ ਲਾਉਂਦੇ। ਦੋਵੇਂ ਦਿਨ ਕਬੱਡੀ ਦੇ ਮੈਚ ਹੁੰਦੇ। ਦੂਰੋਂ ਦੂਰੋਂ ਪਿੰਡਾਂ ਦੀਆਂ ਕਬੱਡੀ ਟੀਮਾਂ ਆਉਂਦੀਆਂ। ਦੂਜੇ ਦਿਨ ਆਥਣ ਨੂੰ ਅਖਾੜਾ ਲਾਇਆ ਜਾਂਦਾ। ਚੰਗੇ-ਚੰਗੇ ਗਾਇਕ ਸੱਦੇ ਜਾਂਦੇ। ਉਹਨਾਂ ਦਿਨਾਂ ਵਿੱਚ ਲਾਲ ਚੰਦ ਯਮਲਾ



ਜੱਟ ਤੇ ਨਰਿੰਦਰ ਬੀਬਾ ਦੀ ਚੜ੍ਹਤ ਸੀ। ਇਨ੍ਹਾਂ ਤੋਂ ਬਿਨਾਂ ਹੋਰ ਵੀ ਕਈ ਆਏ ਸਨ। ਇੱਕ ਸਾਲ ਗੁਰਪਾਲ ਸਿੰਘ ਵੀ ਸੀ। ਇਹ ਸਿਲਸਿਲਾ ਬਹੁਤੇ ਸਾਲ ਨਹੀਂ ਚੱਲ ਸਕਿਆ। ਜਿਵੇਂ ਕਿ ਹੁੰਦਾ ਹੈ, ਪਿੰਡ ਵਿੱਚੋਂ ਹੀ ਵਿਰੋਧ ਜਾਗਣ ਲੱਗੇ ਸਨ।

ਬਹੁਤ ਵਰ੍ਹਿਆਂ ਪਿੱਛੋਂ ਇੱਕ ਵਾਰ ਕੋਟਕਪੂਰੇ ਤੋਂ ਗੁਰਪਾਲ ਸਿੰਘ ਪਾਲ ਦੀ ਚਿੱਠੀ ਮਿਲੀ ਕਿ ਉਹ ਜਿਉਂਦਾ ਹੈ। ਜਿਉਂਦੇ ਤੋਂ ਭਾਵ ਸੀ ਕਿ ਉਹ ਹੁਣ ਵੀ ਗਾਉਂਦਾ ਹੈ। ਪਰ ਮਾਹੌਲ ਵਿਗੜ ਚੁੱਕਿਆ ਸੀ। ਪਹਿਲਾਂ ਲੱਚਰ ਗੀਤਾਂ ਨੇ ਧੁੰਮ ਮਚਾਈ, ਫੇਰ ਪੌਪ-ਸੰਗੀਤ ਆ ਗਿਆ। ਸੰਗੀਤ ਨੇ ਸ਼ੋਰ ਦਾ ਰੂਪ ਧਾਰਨ ਕਰ ਲਿਆ। ਸੰਜੀਦਾ ਗਾਉਣ ਵਾਲੇ ਜਾਂ ਤਾਂ ਚੁੱਪ ਹੋ ਕੇ ਘਰੀਂ ਆ ਬੈਠ ਗਏ ਜਾਂ ਫਿਰ ਕਿਧਰੇ ਕਿਧਰੇ ਉਹਨਾਂ ਦੇ ਅਖਾੜੇ ਲਗਦੇ। ਕੁੱਝ ਨੂੰ ਰੌਲੇ-ਗੌਲੇ ਵਾਲੇ ਸੰਗੀਤ ਨੇ ਆਪਣੇ ਵੱਲ ਖਿੱਚ ਲਿਆ। ਖ਼ੁਸ਼ੀ ਹੈ ਕਿ ਸਾਡਾ ਗੁਰਪਾਲ ਸਿੰਘ ਡੋਲਿਆ ਨਹੀਂ। ਉਹ ਆਪਣੇ ਸਾਬਤ ਕਦਮੀਂ ਤੁਰਦਾ ਰਿਹਾ। ਰੇਡੀਓ ਤੇ ਟੈਲੀਵੀਜ਼ਨ ਉੱਤੇ ਉਹ ਅਕਸਰ ਪੇਸ਼ ਹੁੰਦਾ। ਕੈਸੇਟਾਂ ਦੀ ਦੌੜ ਵਿੱਚ ਉਹ ਵੀ ਸ਼ਾਮਿਲ ਸੀ।

ਕੁੱਝ ਵਰ੍ਹੇ ਹੋਏ ਮੈਂ ਮੋਹਨ ਸਿੰਘ ਮੇਲੇ ਤੇ ਲੁਧਿਆਣੇ ਗਿਆ। ਟੱਪਣ-ਨੱਚਣ ਵਾਲੇ ਗਾਇਕ ਬਹੁਤੇ ਸਨ। ਗਾਇਕਾਵਾਂ ਸਨ ਜੋ ਦੇਖਣ ਵਿੱਚ ਹੋਰ ਕੁੱਝ ਲਗਦੀਆਂ ਸਨ, ਗਾਇਕਾਵਾਂ ਬਿਲਕੁਲ ਨਹੀਂ। ਪੂਰਾ ਖੜਕਾ-ਦੜਕਾ ਸੀ। ਅਚਾਨਕ ਗੁਰਪਾਲ ਸਿੰਘ ਪਾਲ ਦਾ ਨਾਂ ਬੋਲਿਆ ਗਿਆ। ਦਾੜ੍ਹੀ ਬੰਨ੍ਹੀ ਹੋਈ। ਟੂਟੀਦਾਰ ਪਗੜੀ ਪੋਚਵੀਂ। ਕੋਟ-ਪੈਂਟ ਪਹਿਨਿਆ ਹੋਇਆ ਸੀ। ਉਹ ਦੇਖਣ ਵਿੱਚ ਕੋਈ ਅਫ਼ਸਰ ਲਗਦਾ ਸੀ। ਉਸ ਦਿਨ ਅਖਾੜੇ ਵਿੱਚ ਉੱਥੇ ਉਨ੍ਹਾਂ ਪ੍ਰੋ: ਮੋਹਨ ਸਿੰਘ ਦਾ 'ਸਿੱਖੀ ਦਾ ਬੂਟਾ' ਗਾਇਆ। ਸਰੋਤਿਆਂ ਨੇ ਇਹ ਗੀਤ ਵੀ ਬਹੁਤ ਸੰਜ਼ੀਦਗੀ ਨਾਲ ਸੁਣਿਆ। ਵਾਕਿਆ ਹੀ ਗੁਰਪਾਲ ਸਿੰਘ ਹਾਲੇ ਜਿਉਂਦਾ ਸੀ। ਦੂਜਾ ਗੀਤ ਉਹਨੇ 'ਪਾਲੀ ਪਾਣੀ ਖ਼ੂਹ ਤੋਂ ਭਰੇ' ਆਪਣੇ ਪਰੰਪਰਿਕ ਅੰਦਾਜ਼ ਵਿੱਚ ਪੇਸ਼ ਕੀਤਾ। ਲੱਗਿਆ, ਪਾਲੀ ਪਾਣੀ ਖ਼ੂਹ ਤੋਂ ਅਜੇ ਵੀ ਭਰਦੀ ਹੈ।

ਸੰਜੀਦਾ ਗਾਇਕੀ ਮਨੁੱਖ ਦੀ ਰੂਹ ਤੱਕ ਪਹੁੰਚਣ ਦਾ ਸਾਧਨ ਹੈ। ਹਵਾ ਫੇਰ ਸਾਜ਼ਗਾਰ ਹੈ ਅਤੇ ਸੰਜੀਦਾ ਗਾਇਕੀ ਆਪਣੇ ਘਰ ਮੁੜ ਰਹੀ ਹੈ। ਸ਼ੋਰ ਖ਼ਤਮ ਹੋ ਰਿਹਾ ਹੈ। ਪਰ ਸਾਡੇ ਗੁਰਪਾਲ ਸਿੰਘ ਪਾਲ ਨੇ ਤਾਂ ਆਪਣਾ ਮੁੱਲ ਪਵਾ ਲਿਆ ਹੈ।

ਸਵਰਨ ਸਿੰਘ ਟਹਿਣਾ ਇੱਕ ਨੌਜਵਾਨ ਤੇ ਉੱਭਰਵਾਂ ਲੇਖਕ ਹੈ। ਅਖ਼ਬਾਰਾਂ ਵਿੱਚ ਉਹਦੇ ਲੇਖ ਅਕਸਰ ਪੜ੍ਹਦੇ-ਦੇਖਦੇ ਰਹੀਦਾ ਹੈ। ਗੌਰਵ ਵਾਲੀ ਗੱਲ ਹੈ ਕਿ ਉਹਨੇ ਗੁਰਪਾਲ ਸਿੰਘ ਪਾਲ ਸੰਬੰਧੀ ਕਿਤਾਬ ਤਿਆਰ ਕਰਕੇ ਉਹਨੂੰ ਯੁੱਗਾਂ ਤੱਕ ਸੰਭਾਲ ਦਿੱਤਾ ਹੈ।

**- ਰਾਮ ਸਰੂਪ ਅਣਖੀ**

ਬਰਨਾਲਾ।

# ਪੁਰਾਤਨ ਲੋਕ ਗਾਇਕੀ ਦਾ ਰੌਸ਼ਨ ਚਿਰਾਗ
# ਗੁਰਪਾਲ ਸਿੰਘ ਪਾਲ

ਹੁਣ ਤੋਂ ਜੇਕਰ ਦੋ-ਤਿੰਨ ਦਹਾਕੇ ਪਿਛਾਂਹ ਵੱਲ ਝਾਤੀ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਦੋਂ ਪੰਜਾਬੀ ਗਾਇਕੀ ਵਿੱਚ ਅੱਜ ਵਾਂਗ ਏਨਾ ਸ਼ੋਰ-ਸ਼ਰਾਬਾ ਨਹੀਂ ਸੀ ਅਤੇ ਪੰਜਾਬੀ ਗਾਇਕ ਅਰਥ ਭਰਪੂਰ ਗਾਇਕੀ ਰਾਹੀਂ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਂਦੇ ਹੁੰਦੇ ਸਨ। ਸੁਰੀਲੇ ਅਤੇ ਅਰਥ ਭਰਪੂਰ ਗਾਇਕਾਂ ਦੀ ਲੜੀ ਵਿੱਚ ਗੁਰਪਾਲ ਸਿੰਘ ਪਾਲ ਦੀ ਗੁੱਡੀ ਪਿਛਲੇ ਕਈ ਦਹਾਕਿਆਂ ਤੋਂ ਜਿਉਂ ਦੀ ਤਿਉਂ ਬਰਕਰਾਰ ਹੈ। ਵਧੀਆ ਗਾਇਕ ਹੋਣ ਦੇ ਨਾਲ ਨਾਲ ਗੁਰਪਾਲ ਸਿੰਘ ਪਾਲ ਅੰਦਰ ਕਿਸੇ ਨੂੰ ਆਪਣੀ ਪ੍ਰਤਿਭਾ ਦੁਆਰਾ ਪ੍ਰਭਾਵਿਤ ਕਰਨ ਵਾਲੇ ਸਰਬ ਗੁਣ ਵੀ ਮੌਜੂਦ ਹਨ। ਆਪਣੇ ਮੂੰਹੋਂ ਮਿੱਠੂ ਬਣਨਾ ਜਾਂ ਕਿਸੇ ਨੂੰ ਆਪਣੀ ਪ੍ਰਤਿਭਾ ਬਾਰੇ ਵਧਾ ਚੜ੍ਹਾ ਕੇ ਦੱਸਣਾ ਪਾਲ ਦੇ ਵਿਅਕਤੀਤਵ ਵਿੱਚ ਸ਼ਾਮਿਲ ਨਹੀਂ ਹੈ। ਪਾਲ ਥੋੜਾ ਬੋਲਦਾ ਹੈ ਪਰ ਜਿੰਨ੍ਹਾਂ ਵੀ ਬੋਲਦਾ ਹੈ ਬੜੇ ਵਿਲੱਖਣ ਅੰਦਾਜ਼ ਵਿੱਚ ਬੋਲਦਾ ਹੈ। ਜਦੋਂ ਉਸਦਾ ਗੀਤ 'ਪਾਲੀ ਪਾਣੀ ਖੂਹ ਤੋਂ ਭਰੇ' ਰਿਕਾਰਡ ਹੋਇਆ ਤਾਂ ਉਸਦੀ ਮਕਬੂਲੀਅਤ ਨੇ ਨਵੇਂ ਦਿਸਹੱਦਿਆਂ ਨੂੰ ਛੋਹਿਆ। ਹਰ ਘਰ ਅਤੇ ਵਿਆਹਾਂ-ਸ਼ਾਦੀਆਂ ਵਿੱਚ ਇਸ ਗੀਤ ਨੂੰ ਬੜੇ ਚਾਵਾਂ ਨਾਲ ਸੁਣਿਆ ਜਾਂਦਾ ਸੀ। ਉਸਤੋਂ ਬਾਅਦ ਵੀ ਪਾਲ ਦੇ ਅਨੇਕਾਂ ਹੋਰ ਗੀਤ ਰੇਡੀਓ ਤੋਂ ਸੁਣਨ ਨੂੰ ਮਿਲੇ, ਜਿੰਨ੍ਹਾਂ ਵਿੱਚੋਂ 'ਸਿੱਖੀ ਦਾ ਬੂਟਾ' ਅਤੇ 'ਬੰਦਾ ਬਹਾਦਰ ਦੀ ਵਾਰ' ਦੇ ਨਾਂ ਪ੍ਰਮੁੱਖ ਤੌਰ 'ਤੇ ਵਰਨਣਯੋਗ ਹਨ। ਇੰਨ੍ਹਾਂ ਗੀਤਾਂ ਕਰਕੇ ਪਾਲ ਦੀ ਇੱਕ ਵਿਲੱਖਣ ਅੰਦਾਜ਼ ਵਾਲੇ ਗਾਇਕ ਵਜੋਂ ਪਹਿਚਾਣ ਬਣੀ। ਵੈਸੇ ਤਾਂ ਉਸ ਸਮੇਂ ਸਾਰੇ ਪੰਜਾਬ ਵਿੱਚ ਹੀ ਪਾਲ ਦੀ ਗਾਇਕੀ ਦਾ ਰੰਗ ਪੂਰੇ ਜੋਰਾਂ-ਸ਼ੋਰਾਂ 'ਤੇ ਸੀ ਪ੍ਰੰਤੂ ਮਾਲਵੇ ਦੇ ਖੇਤਰ ਵਿੱਚ ਉਸ ਸਮੇਂ ਅਜਿਹਾ ਕੋਈ ਵੀ ਸੱਭਿਆਚਾਰਕ ਪ੍ਰੋਗਰਾਮ ਨਹੀਂ ਹੁੰਦਾ ਸੀ, ਜਿੱਥੇ ਉਹ ਆਪਣੀ ਤੂੰਬੀ ਦੀ ਤਾਰ ਟੁਣਕਾਉਂਦਾ ਹੋਇਆ ਨਾ ਸੁਣਿਆ ਜਾਂਦਾ ਹੋਵੇ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਉਹ ਦਿਨ, ਜਦੋਂ ਪਾਲ ਸਾਡੇ ਇੱਕ ਸੱਜਣ-ਮਿੱਤਰ ਦੇ ਵਿਆਹ ਵਿੱਚ ਪ੍ਰੋਗਰਾਮ ਪੇਸ਼ ਕਰਨ ਆਇਆ ਸੀ। ਜਦੋਂ ਪਾਲ ਸਟੇਜ ਦੇ ਨੇੜੇ ਆਇਆ ਤਾਂ ਲੋਕਾਂ ਨੇ ਜੱਫ਼ੀਆਂ ਪਾ-ਪਾ ਕੇ ਉਸ ਨਾਲ ਫ਼ੋਟੋਆਂ ਖਿਚਵਾਉਣੀਆਂ ਸ਼ੁਰੂ ਕਰ ਦਿੱਤੀਆਂ। ਪਾਲ ਨੇ ਸਟੇਜ ਤੇ ਚੜ੍ਹ ਕੇ ਹਾਲੇ ਚਾਰ ਪੰਜ ਗੀਤ ਹੀ ਗਾਏ ਸਨ ਕਿ ਲੋਕਾਂ ਨੇ ਪੈਸਿਆਂ ਦਾ ਮੀਂਹ ਵਰ੍ਹਾ ਦਿੱਤਾ। ਜੋ ਇਸ ਗੱਲ ਦੇ ਪ੍ਰਤੀਕ ਸਨ ਕਿ ਲੋਕ ਉਸਦੀ ਸਾਫ਼ ਸੁਥਰੀ ਗਾਇਕੀ ਤੇ ਗਾਇਨ ਸ਼ੈਲੀ



ਨੂੰ ਬੇਹੱਦ ਪਸੰਦ ਕਰਦੇ ਸਨ। ਚਾਹੇ ਪਾਲ ਦੀ ਉਮਰ ਹੁਣ 60-65 ਵਰ੍ਹਿਆਂ ਦੇ ਕਰੀਬ ਹੋ ਗਈ ਹੈ, ਪ੍ਰੰਤੂ ਉਸਦੀ ਗਾਇਕੀ ਪ੍ਰਤੀ ਖਿੱਚ ਫਿਰ ਵੀ ਜਿਉਂ ਦੀ ਤਿਉਂ ਬਰਕਰਾਰ ਹੈ।

ਇੱਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਚਾਹੇ ਪਾਲ ਨੂੰ ਗਾਉਂਦਿਆਂ ਕਈ ਦਹਾਕੇ ਬੀਤ ਗਏ ਹਨ, ਪ੍ਰੰਤੂ ਹਾਲੇ ਤੱਕ ਉਸਦੇ ਗਾਇਕੀ ਸਫ਼ਰ ਨੂੰ ਲੋਕਾਂ ਦੀ ਕਚਹਿਰੀ 'ਚ ਲਿਖਤੀ ਰੂਪ ਵਿੱਚ ਕਿਸੇ ਵੀ ਲੇਖਕ ਨੇ ਪੇਸ਼ ਨਹੀਂ ਕੀਤਾ ਸੀ, ਜਿਸਦੀ ਕਿ ਸਖ਼ਤ ਜ਼ਰੂਰਤ ਸੀ। ਪ੍ਰੰਤੂ ਪਾਲ ਦੀ ਗਾਇਕੀ ਦੇ ਲੰਬੇ ਸਫ਼ਰ ਨੂੰ ਭਾਂਪਦਿਆਂ ਛੋਟੀ ਜਿਹੀ ਉਮਰ ਦੇ ਇਸ ਨੌਜਵਾਨ ਲੇਖਕ ਸਵਰਨ ਸਿੰਘ ਟਹਿਣਾ ਨੇ ਜੋ ਕੰਮ-ਕਾਜ ਲੋਕਾਂ ਦੇ ਸਨਮੁੱਖ ਕਰਨ ਦਾ ਉਪਰਾਲਾ ਕੀਤਾ ਹੈ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਵੀਹ-ਇੱਕੀ ਵਰ੍ਹਿਆਂ ਦੀ ਉਮਰ ਕੋਈ ਬਹੁਤੀ ਨਹੀਂ ਹੁੰਦੀ ਪ੍ਰੰਤੂ ਜੇਕਰ ਸਵਰਨ ਦੁਆਰਾ ਪੂਰੀ ਤਨਦੇਹੀ ਨਾਲ ਕੀਤੇ ਗਏ ਕਾਰਜਾਂ 'ਤੇ ਪੰਛੀ ਝਾਤ ਵੀ ਮਾਰੀ ਜਾਵੇ ਤਾਂ ਹਰ ਇੱਕ ਨੂੰ ਉਸਦੇ ਮਿਹਨਤਪੁਣੇ ਅਤੇ ਦ੍ਰਿੜ ਨਿਸਚੇ 'ਤੇ ਖੁਸ਼ੀ ਹੁੰਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਆਪਣੀ ਨਿੱਕੀ ਜਿਹੀ ਜ਼ਿੰਦੜੀ 'ਤੇ ਅਨੇਕਾਂ ਮਜ਼ਬੂਰੀਆਂ ਨੂੰ ਹੰਢਾਉਣ ਕਰਕੇ ਉਹ ਖ਼ਰੇ ਸੋਨੇ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ।

ਮੇਰੀ ਤੇ ਸਵਰਨ ਦੀ ਪਹਿਲੀ ਮੁਲਾਕਾਤ ਲੁਧਿਆਣਾ ਵਿਖੇ ਸਾਹਿਤ ਸਭਾ ਦੇ ਇੱਕ ਸਮਾਗਮ ਵਿੱਚ ਹੋਈ ਸੀ। ਮੈਂ ਤੇ ਲੋਕ ਗਾਇਕ ਬਲਧੀਰ ਮਾਹਲਾ ਸਮਾਗਮ ਦੀ ਮੂਹਰਲੀ ਕਤਾਰ ਵਿੱਚ ਬੈਠੇ ਸਾਂ, ਜਦੋਂ ਮੈਨੂੰ ਬਲਧੀਰ ਨੇ ਦੱਸਿਆ ਕਿ ਇਹ ਸਾਡੇ ਇਲਾਕੇ ਦਾ ਲੇਖਕ ਸਵਰਨ ਹੈ ਤਾਂ ਮੈਨੂੰ ਬੜੀ ਹੈਰਾਨੀ ਹੋਈ ਕਿਉਂਕਿ ਅਖ਼ਬਾਰਾਂ ਰਸਾਲਿਆਂ ਵਿੱਚ ਇਸਦਾ ਨਾਂ ਪੜ੍ਹਨ ਸਮੇਂ ਮੈਂ ਸੋਚਦਾ ਹੁੰਦਾ ਸਾਂ ਕਿ ਸ਼ਾਇਦ ਇਹ ਅਧਖੜ ਜਿਹੀ ਉਮਰ ਦਾ ਕੋਈ ਲੇਖਕ ਹੋਵੇਗਾ। ਉਸ ਦਿਨ ਤੋਂ ਬਾਅਦ ਅਸੀਂ ਇੱਕ ਦੂਜੇ ਨੂੰ ਅਕਸਰ ਹੀ ਮਿਲਣ ਲੱਗੇ ਤੇ ਘੰਟਿਆਂ ਬੱਧੀ ਸਮਿਆਂ ਤੱਕ ਇੱਕ-ਦੂਸਰੇ ਨਾਲ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਚਰਚਾ ਕਰਦੇ ਰਹਿੰਦੇ।

ਸਵਰਨ ਦੇ ਹੁਣ ਤੱਕ ਪੰਜਾਬੀ ਦੇ ਵੱਖ-ਵੱਖ ਅਖ਼ਬਾਰਾਂ-ਰਸਾਲਿਆਂ ਵਿੱਚ ਸਾਢੇ ਅੱਠ ਸੌ ਤੋਂ ਵੀ ਵਧੇਰੇ ਲੇਖ ਛਪ ਚੁੱਕੇ ਹਨ ਤੇ ਇਸਤੋਂ ਪਹਿਲਾਂ ਉਸਦੀ ਇੱਕ ਪੁਸਤਕ 'ਸੁਲਘਦੇ ਬੋਲ' ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਸਵਰਨ ਹਮੇਸ਼ਾ ਕੁੱਝ ਨਾ ਕੁੱਝ ਨਵਾਂ ਕਰਨ ਲਈ ਤਤਪਰ ਰਹਿੰਦਾ ਹੈ। ਉਹ ਪਿਛਲੇ ਤਿੰਨ-ਚਾਰ ਸਾਲਾਂ ਤੋਂ ਵੱਖ-ਵੱਖ ਹਫ਼ਤਾਵਰੀ ਅਖ਼ਬਾਰਾਂ ਦੇ ਸੰਪਾਦਕੀ ਬੋਰਡਾਂ ਵਿੱਚ ਵੀ ਸ਼ਾਮਿਲ ਹੁੰਦਾ ਆ ਰਿਹਾ ਹੈ, ਜਿਸ ਕਰਕੇ ਪਾਠਕ ਵਰਗ ਵਿੱਚ ਉਸਦੀ ਜਾਣ-ਪਛਾਣ ਕਿਸੇ ਪ੍ਰਕਾਰ ਦੀਆਂ ਉਦਾਹਰਨਾਂ ਦੀ ਮੁਹਤਾਜ਼ ਨਹੀਂ ਹੈ। ਸਵਰਨ ਨੂੰ ਹਰ ਮਹੀਨੇ ਪੰਜਾਬ ਅਤੇ ਪੰਜਾਬੋਂ ਬਾਹਰ ਹੋਰਨਾਂ ਸਥਾਨਾਂ ਤੋਂ ਵੱਡੀ ਗਿਣਤੀ

ਵਿੱਚ ਆਉਂਦੀਆਂ ਚਿੱਠੀਆਂ ਵੀ ਇਸ ਗੱਲ ਦੀਆਂ ਪ੍ਰਤੀਕ ਹਨ ਕਿ ਉਸਨੇ ਇਸ ਛੋਟੀ ਜਿਹੀ ਉਮਰ ਵਿੱਚ ਪਾਠਕ ਵਰਗ ਦੇ ਦਿਲਾਂ ਵਿੱਚ ਅਹਿਮ ਸਥਾਨ ਬਣਾ ਲਿਆ ਹੈ।

ਸਵਰਨ ਦੁਆਰਾ ਪੂਰੀ ਭੱਜ-ਨੱਸ ਕਰਕੇ ਲਿਖੀ ਇਸ ਕਿਤਾਬ ਵਿੱਚ ਜਿੱਥੇ ਪਾਲ ਦੇ ਸ਼ੁਰੂਆਤੀ ਜੀਵਨ 'ਤੇ ਬਾਖ਼ੂਬੀ ਚਾਨਣਾ ਪਾਇਆ ਗਿਆ ਹੈ, ਉੱਥੇ ਉਸ ਦੁਆਰਾ ਵਰਤੀ ਗਈ ਭਾਵਪੂਰਤ ਅਤੇ ਵਿਲੱਖਣ ਸ਼ੈਲੀ ਮਨ ਨੂੰ ਮੋਹਣ ਦਾ ਜਜ਼ਬਾ ਵੀ ਰੱਖਦੀ ਹੈ। ਮੈਂ ਇਸ ਕਿਤਾਬ ਨੂੰ ਚੰਗੀ ਤਰ੍ਹਾਂ ਪੜ੍ਹਿਆ ਅਤੇ ਘੋਖਿਆ ਹੈ ਤੇ ਸਾਰੀ ਘੋਖ ਤੋਂ ਬਾਅਦ ਪਤਾ ਲੱਗਦਾ ਹੈ ਕਿ ਉਸ ਦੁਆਰਾ ਕੀਤੀ ਗਈ ਇਸ ਮਿਹਨਤ ਦਾ ਫ਼ਲ ਉਸਨੂੰ ਜਰੂਰ ਮਿਲੇਗਾ। ਅੰਤ ਤੇ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਮੇਰੇ ਛੋਟੇ ਵੀਰ ਸਵਰਨ ਦੁਆਰਾ ਕੀਤਾ ਗਿਆ ਇਹ ਉਪਰਾਲਾ ਉਸਦੇ ਆਉਣ ਵਾਲੇ ਭਵਿੱਖ ਵਿੱਚ ਵੀ ਰੰਗ ਲਿਆਵੇਗਾ ਤੇ ਉਹ ਇਸ ਤਰ੍ਹਾਂ ਦੇ ਹੋਰ ਵੀ ਅਗਾਂਹ ਵਧੂ ਉਪਰਾਲੇ ਕਰਨ ਲਈ ਯਤਨਸ਼ੀਲ ਰਹੇਗਾ।

**- ਪ੍ਰੋ: ਰਾਕੇਸ਼ ਰਮਨ**
ਸ਼ਿਵ ਮੰਦਿਰ ਰੋਡ,
ਮੁੱਲਾਂਪੁਰ, (ਲੁਧਿਆਣਾ)।



# ਕੁੱਝ ਆਪਣੇ ਵੱਲੋਂ

ਅਜੋਕੇ ਤੇਜ਼ ਰਫ਼ਤਾਰੀ ਯੁੱਗ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਵਾਲੇ ਮਿਆਰੀ ਗਾਇਕਾਂ ਅਤੇ ਗੀਤਕਾਰਾਂ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ, ਜਿਸ ਸਦਕਾ ਅੱਜ ਪੰਜਾਬੀ ਗਾਇਕੀ ਦੇ ਨਾਂ 'ਤੇ ਸ਼ੋਰ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ। ਕੋਈ ਸਮਾਂ ਸੀ ਜਦੋਂ ਗਾਇਕਾਂ ਦੀ ਲੜੀ ਅਜੋਕੇ ਸਮੇਂ ਵਾਂਗ ਇੰਨੀ ਲੰਬੀ ਨਹੀਂ ਹੁੰਦੀ ਸੀ ਤੇ ਕੁੱਝ ਗਿਣਵੇਂ ਚੁਣਵੇਂ ਗਾਇਕ ਹੀ ਗਾਇਕੀ ਦੇ ਇਸ ਬਗੀਚੇ ਵਿੱਚ ਮਹਿਕਾਂ ਖਿਲਾਰਦੇ ਹੁੰਦੇ ਸਨ। ਪ੍ਰੰਤੂ ਸਮੇਂ ਦੇ ਬਦਲਦੇ ਮਿਜਾਜ਼ ਨੇ ਸਭ ਪੁਰਾਣੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਕੇ ਅਜਿਹੇ ਗਾਇਕਾਂ ਅਤੇ ਗੀਤਕਾਰਾਂ ਨੂੰ ਅੱਗੇ ਲਿਆਂਦਾ ਹੈ, ਜਿੰਨ੍ਹਾਂ ਨੂੰ ਪੰਜਾਬੀ ਸੱਭਿਆਚਾਰਕ ਵਿਰਸੇ ਬਾਰੇ ਉੱਕਾ ਹੀ ਗਿਆਨ ਨਹੀਂ ਹੈ, ਤੇ ਸ਼ਬਦਾਂ ਦੇ ਅਰਥਾਂ ਦਾ ਅਨਰਥ ਕਰਨ ਦੇ ਨਾਲ-ਨਾਲ ਉਹ ਅਜੋਕੀ ਗਾਇਕੀ ਦੇ ਵਾ-ਵਰੋਲੇ ਵਿੱਚ ਆਪਣੇ ਆਪ ਨੂੰ ਗਾਇਕੀ ਦੇ ਇਸ ਪਿੜ 'ਚ ਖੱਬੀਖਾਨ ਸਮਝਣ ਲੱਗ ਪਏ ਹਨ।

ਜਦੋਂ ਅਸੀਂ ਛੋਟੇ-ਛੋਟੇ ਹੁੰਦੇ ਸਾਂ, ਸ਼ਾਇਦ ਪੰਜਵੀਂ-ਛੇਵੀਂ ਕਲਾਸ ਵਿੱਚ ਤਾਂ ਉਦੋਂ ਰੇਡੀਓ ਤੋਂ ਗੁਰਪਾਲ ਸਿੰਘ ਪਾਲ ਦਾ ਗੀਤ 'ਪਾਲੀ ਪਾਣੀ ਖੂਹ ਤੋਂ ਭਰੇ, ਓ-ਹੋ, ਆ-ਹਾ' ਅਕਸਰ ਹੀ ਸਮੇਤ ਪਰਿਵਾਰ ਸੁਣਦੇ ਹੁੰਦੇ ਸਾਂ। ਜਦੋਂ ਰੇਡੀਓ ਤੋਂ ਪ੍ਰੋਗਰਾਮ ਪੇਸ਼ ਕਰਨ ਵਾਲੇ ਨੇ ਕਹਿਣਾ, 'ਇਹ ਆਲ ਇੰਡੀਆ ਰੇਡੀਓ ਏ, ਤੇ ਹੁਣ ਤੋਂ ਕੁਝ ਦੇਰ ਬਾਅਦ ਤੁਸੀਂ ਸੁਣੋਂਗੇ ਗੁਰਪਾਲ ਸਿੰਘ ਪਾਲ ਦਾ ਗੀਤ 'ਪਾਲੀ ਪਾਣੀ ਖ਼ੂਹ ਤੋਂ ਭਰੇ' ਤਾਂ ਸਾਡੀਆਂ ਬਾਛਾਂ ਖਿੜ ਜਾਣੀਆਂ ਤੇ ਅਸੀਂ ਕਿਤਾਬਾਂ-ਕਾਪੀਆਂ ਛੱਡ ਕੇ ਭੱਜ ਕੇ ਰੇਡੀਓ ਕੋਲ ਜਾ ਬੈਠਣਾ। ਫਿਰ ਉਸਤੋਂ ਬਾਅਦ ਗੁਰਪਾਲ ਸਿੰਘ ਪਾਲ ਦਾ ਗਾਇਆ ਗੀਤ 'ਮਹਿਲੀਂ ਆ ਜਾ ਸਾਧੂਆ ਵੇ, ਰਾਣੀ ਸੁੰਦਰਾਂ ਮਿੰਨਤਾਂ ਕਰਦੀ' ਰੇਡੀਓ ਤੋਂ ਸੁਣਨ ਨੂੰ ਮਿਲਣ ਲੱਗਾ ਤੇ ਪੰਜਾਬ ਦੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਪਾਲ ਦਾ ਨਾਂ ਚੜ੍ਹ ਗਿਆ।

ਜਦੋਂ ਮੇਰੀ ਪਲੇਠੀ ਪੁਸਤਕ 'ਸੁਲਘਦੇ ਬੋਲ' ਪ੍ਰਕਾਸ਼ਿਤ ਹੋਈ ਤਾਂ ਇੱਕ ਦਿਨ ਮੈਨੂੰ ਮੇਰੇ ਅਜ਼ੀਜ਼ ਦੋਸਤ ਜਸਬੀਰ ਜੱਸੀ, ਜੋ ਰੰਗਕਰਮੀ ਹੋਣ ਦੇ ਨਾਲ-ਨਾਲ ਅਕਸਰ ਗਾਇਕਾਂ-ਗੀਤਕਾਰਾਂ ਬਾਰੇ ਵੱਖ-ਵੱਖ ਅਖ਼ਬਾਰਾਂ-ਰਸਾਲਿਆਂ ਵਿੱਚ ਲਿਖਦੇ ਵੀ ਰਹਿੰਦੇ ਹਨ, ਨੇ ਕਿਹਾ ਕਿ 'ਤੂੰ ਹੋਰਨਾਂ ਕੰਮਾਂ ਨਾਲੋਂ ਕੋਈ ਅਜਿਹਾ ਕੰਮ ਕਰ, ਜਿਸ ਸਦਕਾ ਪੰਜਾਬੀ ਗਾਇਕੀ ਦੇ ਪੁਰਾਤਨ ਗਾਇਕਾਂ ਜਿੰਨ੍ਹਾਂ ਨੂੰ ਅਜੋਕੀ ਪੀੜ੍ਹੀ ਵਿਸਾਰਦੀ ਜਾ ਰਹੀ ਹੈ, ਦਾ ਨਾਂ ਫਿਰ ਤੋਂ

ਲੋਕਾਂ ਦੀ ਕਚਹਿਰੀ ਵਿੱਚ ਚਰਚਿਤ ਹੋ ਸਕੇ।' ਤਾਂ ਮੈਂ ਸੋਚਿਆ ਕਿ ਕਿਉਂ ਨਾ ਇਹ ਕੰਮ ਆਪਣੇ ਇਲਾਕੇ 'ਚ ਰਹਿਣ ਵਾਲੇ ਸਿਰੜੀ ਗਾਇਕ ਗੁਰਪਾਲ ਸਿੰਘ ਪਾਲ ਤੋਂ ਹੀ ਸ਼ੁਰੂ ਕੀਤਾ ਜਾਵੇ।

ਸੋ ਇੱਕ ਦਿਨ ਮੈਂ, ਸ਼ਾਇਦ ਉਹ ਬੁੱਧਵਾਰ ਦਾ ਦਿਨ ਸੀ, ਨੂੰ ਆਪਣੇ ਇੱਕ ਸੱਜਣ-ਮਿੱਤਰ ਤੋਂ ਪਾਲ ਜੀ ਦਾ ਪਤਾ ਲੈ ਕੇ ਉਨ੍ਹਾਂ ਦੇ ਘਰ ਪੁੱਜਾ, ਉਦੋਂ ਇੰਨ੍ਹਾਂ ਦੀ ਹਾਲਤ ਬਿਮਾਰੀ ਕਾਰਨ ਕਾਫ਼ੀ ਕਮਜ਼ੋਰ ਜਿਹੀ ਲੱਗ ਰਹੀ ਸੀ। ਹੋਰ ਕਈ ਗੱਲਾਂ-ਬਾਤਾਂ ਕਰਨ ਤੋਂ ਬਾਅਦ ਮੈਂ ਹੌਲੀ ਦੇਣੇ ਆਖਿਆ, 'ਪਾਲ ਜੀ, ਗੁਸਤਾਖ਼ੀ ਮੁਆਫ਼, ਤੁਹਾਡੀ ਹਾਲਤ ਵੀ ਕਾਫ਼ੀ ਨਾਜ਼ੁਕ ਜਿਹੀ ਲੱਗ ਰਹੀ ਐ, ਏਸ ਕਰਕੇ ਸੱਭਿਆਚਾਰਕ ਪ੍ਰੋਗਰਾਮਾਂ ਦੀਆਂ ਸਟੇਜਾਂ ਤੋਂ ਤਾਂ ਤੁਸੀਂ ਹੁਣ ਅਕਸਰ ਗੈਰ-ਹਾਜ਼ਿਰ ਹੀ ਰਹਿੰਦੇ ਹੋਵੋਗੇ।' ਮੇਰੀ ਇਹ ਗੱਲ ਸੁਣ ਕੇ ਉਨ੍ਹਾਂ ਨਿਮਰ ਭਾਵਾਂ ਨਾਲ ਆਖਿਆ, 'ਓਏ ਭੋਲਿਆ, ਜੇ ਅੱਜ ਮੈਂ ਭੋਰਾ ਬਿਮਾਰ-ਸ਼ਮਾਰ ਹੋ ਗਿਆ ਹਾਂ ਤਾਂ ਏਹਦਾ ਮਤਲਬ ਇਹ ਥੋੜੀ ਐ ਕਿ ਮੈਂ ਆਪਣੀ ਜਾਨ (ਗਾਇਕੀ) ਦਾ ਪੱਲਾ ਛੱਡ ਦੇਵਾਂਗਾ, ਤੂੰ ਪਰਸੋਂ ਚੱਲੀਂ ਮੇਰੇ ਨਾਲ ਲੁਧਿਆਣੇ, ਤੈਨੂੰ ਉੱਥੇ ਵਿਖਾਊਂ ਕਿ ਪਾਲ ਅੱਜ-ਕੱਲ ਦੇ ਗਾਇਕਾਂ 'ਚ ਕਿਵੇਂ ਨਿਤਰਦੈ।' ਤੇ ਸੱਚਮੁੱਚ ਹੀ ਜਦੋਂ ਉਨ੍ਹਾਂ ਨੂੰ ਸਟੇਜ 'ਤੇ ਸੁਣਿਆ ਤਾਂ ਉਨ੍ਹਾਂ ਨੇ ਕੇਵਲ ਤੂੰਬੀ ਦੀ ਤਾਰ ਨਾਲ ਆਪਣੀ ਦਮਦਾਰ ਅਵਾਜ਼ ਵਿੱਚ ਆਪਣੇ ਕਈ ਚਰਚਿਤ ਗੀਤ ਗਾ ਕੇ ਖੇਤੀਬਾੜੀ ਯੂਨੀਵਰਸਿਟੀ ਦੇ ਖਚਾਖਚ ਭਰੇ ਪੰਡਾਲ ਵਿੱਚ ਬਹਿ-ਜਾ, ਬਹਿ-ਜਾ ਕਰਵਾ ਦਿੱਤੀ ਤੇ ਬਜ਼ੁਰਗ ਕਹਿਣ ਲੱਗੇ, 'ਬਈ ਗਾਇਕੀ ਐ ਤਾਂ ਪਾਲ ਦੀ, ਨਹੀਂ ਤਾਂ ਅੱਜ-ਕੱਲ ਦੇ ਛੋਹ੍ਰ ਜੇ ਤਾਂ ਐਂਵੇ ਡੱਡੂ ਛੜੱਪੀਆਂ ਜੇਹੀਆਂ ਲਾਈ ਜਾਣਗੇ।'

ਪਾਲ ਫ਼ੱਕਰ ਕਿਸਮ ਦੇ ਵਿਅਕਤੀਤਵ ਵਾਲਾ ਇਨਸਾਨ ਹੈ। ਹਰ ਮਿਲਣ-ਗਿਲਣ ਵਾਲੇ ਦੇ ਦਿਲੋ ਦਿਮਾਗ਼ ਉੱਪਰ ਉਹ ਆਪਣੇ ਸੁਭਾਅ ਦੇ ਅਜਿਹੇ ਗੁਣਾਂ ਦਾ ਪ੍ਰਭਾਵ ਪਾਉਂਦਾ ਹੈ ਕਿ ਹਰ ਕੋਈ ਉਸਨੂੰ ਵਾਰ ਵਾਰ ਮਿਲਣਾ ਚਾਹੁੰਦਾ ਹੈ। ਪਾਲ ਆਪਣੇ ਰਿਸ਼ਤੇਦਾਰਾਂ ਅਤੇ ਸਕੇ-ਸਬੰਧੀਆਂ ਨਾਲੋਂ ਦੋਸਤਾਂ-ਮਿੱਤਰਾਂ ਨੂੰ ਵਧੇਰੇ ਤਰਜ਼ੀਹ ਦਿੰਦਾ ਹੈ ਤੇ ਜਿਸ ਨਾਲ ਜਿਸ ਕੰਮ-ਕਾਜ ਦੀ ਗੱਲਬਾਤ ਕਰ ਲੈਂਦਾ ਹੈ, ਉਸਤੋਂ ਪਾਸਾ ਨਹੀਂ ਵੱਟਦਾ।

ਮੈਨੂੰ ਯਾਦ ਹੈ ਕਿ ਜਦੋਂ ਮੈਂ ਇਸ ਕਿਤਾਬ ਦਾ ਖਰੜਾ ਪੂਰਾ ਕਰ ਲਿਆ ਤਾਂ ਇੱਕ ਦਿਨ ਮੈਂ ਪਾਲ ਜੀ ਦੇ ਘਰ ਜਾ ਕੇ ਕਿਹਾ, 'ਪਾਲ ਜੀ, ਮੁਆਫ਼ ਕਰਨਾ, ਵੈਸੇ ਤਾਂ ਤੁਹਾਡੀ ਤਬੀਅਤ ਵੀ ਲੰਬੇ ਸਮੇਂ ਤੋਂ ਨਾ-ਖੁਸ਼ ਜਿਹੀ ਚੱਲਦੀ ਆ ਰਹੀ ਹੈ, ਪਰ ਫ਼ੇਰ ਵੀ ਜੇਕਰ ਤੁਸੀਂ ਮੈਨੂੰ ਆਪਣੇ ਗਾਇਕੀ ਸਫ਼ਰ ਨਾਲ ਸਬੰਧਿਤ ਕੁੱਝ ਫ਼ੋਟੋਆਂ ਕੱਢ ਦਿੰਦੇ ਤਾਂ ਬਹੁਤ ਵਧੀਆ ਗੱਲ ਹੁੰਦੀ।' ਮੇਰੀ ਇਸ ਗੱਲ ਨੂੰ ਸੁਣ ਕੇ ਪਾਲ ਜੀ ਕਹਿਣ ਲੱਗੇ, 'ਯਾਰ ਟਹਿਣਿਆ, ਤੂੰ ਐਵੇਂ ਰਸਮੀ ਹਾਂ ਜੀ, ਹੂੰ ਜੀ, ਜੇਹੀ ਨਾ ਕਰੀ ਜਾਇਆ ਕਰ, ਆਪਾਂ ਨੂੰ



ਤਾਂ ਹਾਹੋ ਕਹਿਣ ਤੇ ਕਹਾਉਣ ਵਿੱਚ ਬਾਹਲਾ ਸੁਆਦ ਆਉਂਦੈ, ਤੂੰ ਮੈਨੂੰ ਦੋ ਕੁ ਪੈੱਗ ਪਾ ਕੇਰਾਂ ਕਰੜੇ ਜਹੇ ਕਰਕੇ, ਫੇਰ ਵੇਖੀਂ ਤੇਰਾ ਡੈਡੀ ਕਿਵੇਂ ਊਰੀ ਵਾਂਗੂੰ ਘੁਕਦੈ।'

ਉਸਤੋਂ ਕੁੱਝ ਦਿਨਾਂ ਬਾਅਦ ਸਾਡਾ ਦੋਹਾਂ ਦਾ ਆਪਸੀ ਮੇਲ ਜਲੰਧਰ ਰੇਡੀਓ ਸਟੇਸ਼ਨ 'ਤੇ ਹੋਇਆ ਤਾਂ ਮੈਨੂੰ ਹੱਸ ਕੇ ਕਹਿਣ ਲੱਗੇ, 'ਓਏ ਤੂੰ ਸਾਰਾ-ਸਾਰਾ ਦਿਨ ਕਿਤਾਬਾਂ-ਕਾਪੀਆਂ ਨਾਲ ਮੱਥਾ ਨਾ ਮਾਰੀ ਜਾਇਆ ਕਰ, ਕਿਤੇ ਹੱਸ-ਖੇਡ ਵੀ ਲਿਆ ਕਰ, ਕੁਛ ਖਾਇਆ-ਪੀਇਆ ਵੀ ਕਰ, ਆਹ ਵੇਖ ਤੇਰਾ ਮੂੰਹ ਕਿਵੇਂ ਸੁੱਕ ਕੇ ਝਵਾਰੇ ਵਰਗਾ ਬਣਦਾ ਜਾਂਦੈ।' ਇਸ ਪ੍ਰਕਾਰ ਪਾਲ ਦੇ ਖੁੱਲ੍ਹੇ-ਡੁੱਲ੍ਹੇ ਤੇ ਹਾਸੇ ਮਖ਼ੌਲ ਵਾਲੇ ਸੁਭਾਅ ਕਾਰਨ ਕੋਈ ਵੀ ਉਸਦੀ ਗੱਲ ਦਾ ਗੁੱਸਾ ਨਹੀਂ ਕਰਦਾ ਸਗੋਂ ਉਸਦੀਆਂ ਗੱਲਾਂ 'ਤੇ ਹਰ ਕੋਈ ਅਮਲ ਕਰਨਾ ਹੀ ਉੱਚਿਤ ਸਮਝਦਾ ਹੈ ਕਿਉਂਕਿ ਉਸਦੀਆਂ ਗੱਲਾਂ ਵਿਚਲਾ ਤਰਕ ਅਤੇ ਸੰਜ਼ਮ ਹਰ ਵਿਅਕਤੀ ਨੂੰ ਪ੍ਰਭਾਵਿਤ ਕਰਨ ਦਾ ਜਜ਼ਬਾ ਰੱਖਦਾ ਹੈ।

ਚਾਹੇ ਸਾਡੇ ਦੋਹਾਂ ਦੇ ਆਪਸ ਵਿੱਚ ਹੋਏ ਮੇਲ ਨੂੰ ਕੋਈ ਬਹੁਤਾ ਸਮਾਂ ਨਹੀਂ ਹੋਇਆ ਪ੍ਰੰਤੂ ਫਿਰ ਵੀ ਸਾਡੀਆਂ ਜਿੰਨੀਆਂ ਕੁ ਮੁਲਾਕਾਤਾਂ ਹੋਈਆਂ, ਪਾਲ ਜੀ ਤੋਂ ਹਮੇਸ਼ਾ ਕੁਝ ਨਾ ਕੁਝ ਨਵਾਂ ਸਿੱਖਣ ਨੂੰ ਮਿਲਦਾ ਰਿਹਾ। ਹਥਲੀ ਪੁਸਤਕ ਪਾਠਕਾਂ ਦੀ ਨਜ਼ਰ ਕਰਨ ਤੋਂ ਪਹਿਲਾਂ ਮੇਰੇ ਮਨ ਦੇ ਆਲੇ 'ਚ ਅਨੇਕਾਂ ਸਵਾਲ ਪਣਪਦੇ ਸਨ ਕਿ ਪਾਲ ਜੀ ਦੇ ਵਿਸ਼ਾਲ ਜੀਵਨ ਪੰਧ ਬਾਰੇ ਮੈਂ ਐਨੀ ਜਾਣਕਾਰੀ ਇਕੱਲਾ ਕਿਵੇਂ ਇਕੱਤਰ ਕਰ ਸਕਾਂਗਾ ਪ੍ਰੰਤੂ ਦੋਸਤਾਂ-ਮਿੱਤਰਾਂ ਦੇ ਵਢਮੁੱਲੇ ਸਹਿਯੋਗ ਨਾਲ ਇਹ ਸਭ ਸਵਾਲ ਚੰਦ ਕੁ ਦਿਨਾਂ ਵਿੱਚ ਹੀ ਛੂਈ-ਮੁਈ ਹੋ ਗਏ ਤੇ ਮੈਂ ਪਾਠਕਾਂ ਦੀ ਕਚਹਿਰੀ ਵਿੱਚ ਆਪਣੀ ਇਹ ਕਿਤਾਬ ਪੇਸ਼ ਕਰਨ 'ਚ ਕਾਮਯਾਬ ਹੋ ਸਕਿਆ ਹਾਂ। ਇੱਥੇ ਇਹ ਗੱਲ ਵੀ ਲਿਖਣ ਯੋਗ ਹੈ ਕਿ ਮੇਰੀ ਲੇਖਣੀ ਦੇ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਜਿੰਨ੍ਹਾਂ ਯੋਗਦਾਨ ਮੇਰੇ ਸਹੀ ਮਾਰਗ ਦਰਸ਼ਕ ਦਰਸ਼ਨ ਅਰੋੜਾ ਜੀ ਨੇ ਪਾਇਆ ਉਸਨੂੰ ਵੀ ਮੈਂ ਅਣਡਿੱਠ ਨਹੀਂ ਕਰ ਸਕਦਾ ਮੈਨੂੰ ਉਮੀਦ ਹੈ ਕਿ ਮੇਰੀ ਇਸ ਪੁਸਤਕ ਪ੍ਰਤੀ ਘਾਲੀ ਗਈ ਘਾਲਣਾ ਨੂੰ ਪਾਠਕ ਵਰਗ ਵੱਲੋਂ ਸਤਿਕਾਰਿਆ ਜਾਵੇਗਾ ਅਤੇ ਉਨ੍ਹਾਂ ਦੇ ਪ੍ਰਾਪਤ ਹੋਏ ਵਢਮੁੱਲੇ ਸੁਝਾਅ ਹੀ ਮੈਨੂੰ ਇਸ ਤਰ੍ਹਾਂ ਦੇ ਹੋਰ ਉਪਰਾਲੇ ਕਰਨ ਲਈ ਉਤਸ਼ਾਹਿਤ ਕਰਨਗੇ।

ਏਸੇ ਆਸ ਨਾਲ

**- ਸਵਰਨ ਸਿੰਘ ਟਹਿਣਾ**

ਪਿੰਡ ਤੇ ਡਾਕ: ਟਹਿਣਾ,

ਜ਼ਿਲ੍ਹਾ ਫ਼ਰੀਦਕੋਟ-151203

# ਸਤਾਈਵੇਂ ਸਾਲ ਤੱਕ ਦਾ ਝਰੋਖਾ

ਪਿਛਲੇ ਕਾਫ਼ੀ ਲੰਬੇ ਅਰਸੇ ਤੋਂ ਗੁਰਪਾਲ ਸਿੰਘ ਪਾਲ ਨੇ ਪੰਜਾਬੀ ਲੋਕ ਗਾਇਕੀ ਵਿੱਚ ਚੰਗੀ ਭੱਲ ਬਣਾਈ ਹੋਈ ਹੈ। ਉਸਦੀ ਗਾਇਕੀ ਦਾ ਅੰਦਾਜ਼ ਅਜੋਕੇ ਗਾਇਕਾਂ ਤੋਂ ਬਿਲਕੁਲ ਨਿਰਾਲਾ ਹੈ, ਉਹ ਨਾ ਤਾਂ ਬਹੁਤੇ ਸ਼ੋਰ-ਸ਼ਰਾਬੇ ਨੂੰ ਪਸੰਦ ਕਰਦਾ ਹੈ ਤੇ ਨਾ ਹੀ ਅਜੋਕੀ ਗਾਇਕੀ ਦੇ ਨੁਕਤਿਆਂ ਨੂੰ। ਜਿਵੇਂ ਕਿ ਆਮ ਦੇਖਣ ਵਿੱਚ ਆਉਂਦਾ ਹੈ ਕਿ ਮਾੜਾ-ਮੋਟਾ ਮਾਨ-ਸਨਮਾਨ ਮਿਲਣ ਤੇ ਅਜੋਕੇ ਗਾਇਕਾਂ ਦੇ ਪੈਰ ਜ਼ਮੀਨ ’ਤੇ ਲੱਗਣੋਂ ਹਟ ਜਾਂਦੇ ਹਨ ਅਤੇ ਉਹ ਆਪਣੇ ਸੰਗੀ-ਸਾਥੀਆਂ ਤੋਂ ਆਪਣਾ ਵਿਅਕਤੀਗਤ ਕੱਦ ਦੁੱਗਣਾ ਸਮਝਣ ਲੱਗ ਜਾਂਦੇ ਹਨ, ਪਰ ਇਹ ਗੱਲ ਹਾਲੇ ਤੱਕ ਉਸਦੇ ਨੇੜੇ-ਤੇੜੇ ਵੀ ਨਹੀਂ ਫਟਕਦੀ। ਬਲਕਿ ਉਸਦੇ ਰੋਮ-ਰੋਮ ਵਿੱਚ ਵਸੀ ਸਾਦਗੀ ਹਰ ਵਿਅਕਤੀ ਨੂੰ ਪ੍ਰਭਾਵਿਤ ਕਰਨ ਦਾ ਜਜ਼ਬਾ ਰੱਖਦੀ ਹੈ।

ਗੁਰਪਾਲ ਸਿੰਘ ਪਾਲ ਦਾ ਜਨਮ ਕਿਸੇ ਖ਼ਾਨਦਾਨੀ ਗਾਇਕ ਪਰਿਵਾਰ ਵਿੱਚ ਨਹੀਂ ਹੋਇਆ, ਸਗੋਂ ਇੱਕ ਦਰਮਿਆਨੇ ਜਿਹੇ ਜੱਟ ਪਰਿਵਾਰ ਵਿੱਚ ਉਸਦਾ ਜਨਮ ਭਾਰਤ-ਪਾਕਿ: ਵੰਡ ਤੋਂ 10 ਕੁ ਵਰ੍ਹੇ ਪਹਿਲਾਂ 4 ਅਕਤੂਬਰ ਨੂੰ ਪਿੰਡ ਕਨੇਚ, ਜ਼ਿਲ੍ਹਾ ਲੁਧਿਆਣਾ ਵਿਖੇ ਮਾਤਾ ਸਵ: ਗੁਰਦਿਆਲ ਕੌਰ ਦੀ ਕੁੱਖੋਂ ਪਿਤਾ ਸਵ: ਲਹਿਣਾ ਸਿੰਘ ਦੇ ਘਰ ਹੋਇਆ। ਪਾਲ ਦਾ ਬਚਪਨ ਕਈ ਪ੍ਰਕਾਰ ਦੇ ਉਤਰਾਵਾਂ-ਚੜ੍ਹਾਵਾਂ ਦੇ ਦੌਰ ਵਿੱਚੋਂ ਗੁਜ਼ਰਿਆ। ਜਿਵੇਂ ਕਿ ਆਮ ਹੀ ਕਿਹਾ ਜਾਂਦਾ ਹੈ ਕਿ ਮੁਸ਼ਕਿਲਾਂ ਨਾਲ ਖਹਿ-ਖਹਿ ਕੇ ਇਨਸਾਨ ਪਾਰਸ ਦਾ ਰੂਪ ਧਾਰਨ ਕਰ ਲੈਂਦਾ ਹੈ, ਉਸੇ ਤਰ੍ਹਾਂ ਪਾਲ ਦੇ ਸ਼ੁਰੂਆਤੀ ਜੀਵਨ ਵਿੱਚ ਆਈਆਂ ਮੁਸ਼ਕਿਲਾਂ ਉਸ ਲਈ ਸੁਚੱਜਾ ਰਾਹ-ਦਸੇਰਾ ਸਾਬਤ ਹੋਈਆਂ। ਅਜੋਕੇ ਪ੍ਰਸਿੱਧ ਹਿੰਦੀ ਫ਼ਿਲਮ ਸਿਤਾਰੇ ਧਰਮਿੰਦਰ ਦਾ ਪਿੰਡ ਸਾਹਨੇਵਾਲ ਪਾਲ ਦੇ ਪਿੰਡ ਕਨੇਚ ਤੋਂ ਕਰੀਬ ਦੋ ਕੁ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਪੰਜਾਬੀ ਫ਼ਿਲਮਾਂ ਦਾ ਜਾਣਿਆ-ਪਛਾਣਿਆ ਅਦਾਕਾਰ ਯੋਗਰਾਜ ਸਿੰਘ ਪਾਲ ਦਾ ਚਚੇਰਾ ਭਰਾ ਹੈ। ਇਸਤੋਂ ਇਲਾਵਾ ਪਿੰਡ ਕਨੇਚ ਦਾ ਇੱਕ ਹੋਰ ਇਤਿਹਾਸਿਕ ਪਹਿਲੂ ਇਹ ਵੀ ਹੈ ਕਿ ਦਸਵੀਂ ਪਾਤਸ਼ਾਹੀ ਇਸ ਜਗ੍ਹਾ ’ਤੇ ਤਸ਼ਰੀਫ਼ ਫ਼ਰਮਾ ਹੋਏ ਸਨ। ਆਪਣੇ ਬਚਪਨ ਦੇ ਆਰੰਭਿਕ ਵਰ੍ਹਿਆਂ ਤੋਂ ਹੀ ਪਾਲ ਨੂੰ ਗਾਉਣ ਦਾ ਸ਼ੌਕ ਪੈਦਾ ਹੋ ਗਿਆ ਸੀ, ਪਰ ਬਚਪਨ ਵਿੱਚ ਉਸਦੀ ਪ੍ਰਤਿਭਾ ਨੂੰ ਪਰਖਣ ਵਾਲਾ ਉਸਨੂੰ ਕੋਈ ਵੀ ਸੰਗੀ-ਸਾਥੀ ਨਾ ਮਿਲਿਆ। ਇਸ ਲਈ ਉਹ ਆਪਣੇ ਬੇਬੇ-ਬਾਪੂ ਅਤੇ ਭੈਣ-ਭਾਈਆਂ ਤੋਂ ਚੋਰੀਓਂ ਕੌਲੀਆਂ, ਥਾਲੀਆਂ ਜਾਂ ਪਤੀਲਿਆਂ ਉੱਪਰ ਚਮਚਿਆਂ ਦੀਆਂ ਧੁਨਾਂ ਨਾਲ ਕਿੱਸੇ ਗਾਉਣ ਦੀ ਕੋਸ਼ਿਸ਼ ਕਰਦਾ



ਰਹਿੰਦਾ। ਕਾਫ਼ੀ ਦੇਰ ਤੱਕ ਤਾਂ ਘਰ ਵਿੱਚ ਉਸਦੀ ਬੇਬੇ-ਬਾਪੂ ਜਾਂ ਕਿਸੇ ਹੋਰ ਪਰਿਵਾਰਕ ਮੈਂਬਰ ਨੂੰ ਇਹ ਬਿਲਕੁਲ ਪਤਾ ਨਾ ਲੱਗਾ ਕਿ ਪਾਲ ਨੂੰ ਗਾਉਣ ਦਾ ਸ਼ੌਕ ਹੈ, ਪਰ ਇੱਕ ਦਿਨ ਜਦੋਂ ਪਾਲ ਦੀ ਬੇਬੇ ਨੇ ਉਸਨੂੰ ਚੋਰੀਓਂ ਕਮਰਾ ਬੰਦ ਕਰਕੇ ਕਿੱਸਾ ਗਾਉਂਦਿਆਂ ਸੁਣਿਆ ਤਾਂ ਉਸਨੂੰ ਪਾਲ ਦੀ ਇਸ ਹਰਕਤ ’ਤੇ ਬੜਾ ਗੁੱਸਾ ਆਇਆ ਤੇ ਉਹ ਕਹਿਣ ਲੱਗੀ, ‘ਜੱਟਾਂ ਦਾ ਮੁੰਡਾ ਹੋ ਕੇ ਐਹੋ ਜਿਹੇ ਮਰਾਸੀਆਂ ਵਾਲੇ ਕੰਮ ਕਰਦੈਂ, ਕੁਛ ਸ਼ਰਮ ਕਰ , ਇਹ ਕੰਮ ਜੱਟਾਂ ਨੂੰ ਨਹੀਂ ਸ਼ੋਭਦੇ, ਪੜ੍ਹ-ਲਿਖ ਉੱਚਾ ਅਹੁੱਦਾ ਲੈ ਕੇ ਕੁਛ ਬਣ ਕੇ ਵਿਖਾ।’ ਸੋ ਉਸ ਦਿਨ ਤੋਂ ਬਾਅਦ ਪਾਲ ਦੀ ਹਰ ਹਰਕਤ ’ਤੇ ਕਰੜੀ ਨਜ਼ਰ ਰੱਖੀ ਜਾਣ ਲੱਗੀ ਅਤੇ ਪਾਲ ਦੇ ਗਾਉਣ ’ਤੇ ਇੱਕ ਤਰ੍ਹਾਂ ਨਾਲ ਪਾਬੰਦੀ ਜਿਹੀ ਲੱਗ ਗਈ। ਪਰ ਫਿਰ ਵੀ ਪਾਲ ਵੱਲੋਂ ਘਰਦਿਆਂ ਦਾ ਵਿਰੋਧ ਕਰਕੇ ਲਗਾਤਾਰ ਮੱਲੋ-ਜ਼ੋਰੀ ਗਾਉਂਦੇ ਰਹਿਣ ਸਦਕਾ ਪਾਲ ਦੇ ਬਾਪੂ-ਬੇਬੇ ਤੇ ਹੋਰਨਾਂ ਭੈਣ-ਭਾਈਆਂ ਨੇ ਪਾਲ ਨੂੰ ਕਿੱਸਿਆਂ ਤੋਂ ਬਿਨਾਂ ਧਾਰਮਿਕ ਸ਼ਬਦ ਗਾਉਣ ਦੀ ਮਾਨਤਾ ਦੇ ਦਿੱਤੀ।

ਪਾਲ ਦੇ ਪਿਤਾ ਸ: ਲਹਿਣਾ ਸਿੰਘ ਪਹਿਲੋ-ਪਹਿਲ ਪਿੰਡ ’ਚ ਖੇਤੀਬਾੜੀ ਹੀ ਕਰਦੇ ਹੁੰਦੇ ਸਨ। ਇੰਨਾਂ ਕੋਲ 33 ਬਿੱਘੇ (6 ਕਿੱਲੇ, ਕੁੱਝ ਮਰਲੇ) ਜ਼ਮੀਨ ਸੀ। ਜਿਸ ਕਾਰਨ ਘੱਟ ਜ਼ਮੀਨ ਹੋਣ ਕਰਕੇ ਘਰੇਲੂ ਜੀਵਨ ਕਈ ਪ੍ਰਕਾਰ ਦੀਆਂ ਤੰਗੀਆਂ-ਤੁਰਸ਼ੀਆਂ ਦਾ ਸ਼ਿਕਾਰ ਸੀ ਤੇ ਅੱਗੋਂ ਸੁੱਖ ਨਾਲ ਪਰਿਵਾਰ ਵੀ ਕਾਫ਼ੀ ਲੰਬਾ-ਚੌੜਾ ਸੀ। ਪਾਲ ਦੇ ਚਾਰ ਹੋਰ ਭਾਈ ਅਤੇ ਇੱਕ ਭੈਣ ਹੈ। ਜਿੰਨਾਂ ਦੇ ਨਾਂ ਮਿੱਤ ਸਿੰਘ, ਮਹਿੰਦਰ ਸਿੰਘ, ਗੁਰਮੇਲ ਸਿੰਘ, ਭੁਪਿੰਦਰ ਸਿੰਘ ਅਤੇ ਭੈਣ ਮਨਜੀਤ ਕੌਰ ਹਨ। ਕਾਫ਼ੀ ਮਿਹਨਤ ਕਰਨ ਤੋਂ ਬਾਅਦ ਪਾਲ ਦੇ ਬਾਪੂ ਨੂੰ ਮਿਲਟਰੀ ਵਿੱਚ ਪਟਿਆਲੇ ਨੌਕਰੀ ਮਿਲ ਗਈ ਤੇ ਪਰਿਵਾਰ ਦਾ ਤੋਰੀ-ਫੁਲਕਾ ਕੁੱਝ ਅਸਾਨੀ ਨਾਲ ਚੱਲਣ ਲੱਗਾ। ਲੋਕਾਂ ਦੇ ਦੱਸਣ ਅਨੁਸਾਰ ਪਾਲ ਦਾ ਬਾਪੂ ਸ: ਲਹਿਣਾ ਸਿੰਘ ਬੜਾ ਅਣਖੀ ਅਤੇ ਦਲੇਰ ਬੰਦਾ ਸੀ। ਜਿਸਦਾ ਕੱਦ 6 ਫੁੱਟ 2 ਇੰਚ ਦੇ ਕਰੀਬ ਸੀ। ਤਕੜੇ ਜੁੱਸੇ ਵਾਲਾ ਹੋਣ ਕਰਕੇ ਉਸਦੀ ਸਾਰੇ ਪਿੰਡ ਵਿੱਚ ਝੰਡੀ ਸੀ। ਉਨ੍ਹਾਂ ਦੀ ਅਣਖ ਦੀ ਉਦਾਹਰਨ ਇੱਥੋਂ ਵੀ ਮਿਲਦੀ ਹੈ ਕਿ ਇੱਕ ਵਾਰ ਉਨ੍ਹਾਂ ਨੇ ਲੋਕਾਂ ਦੇ ਕਹਿਣ ’ਤੇ ਮਾੜੀ ਦੇ ਮੇਲੇ ’ਚ ਕੁੰਡੇ ਮਜ਼੍ਹਬੀ ਨਾਲ ਘੋਲ ਕੀਤਾ ਤੇ ਉਹਨੂੰ ਢਾਹ ਲਿਆ। ਪਿੰਡ ਦੇ ਸਾਰੇ ਲੋਕਾਂ ਨੇ ਉਸਦੇ ਘੋਲ ਤੋਂ ਖੁਸ਼ ਹੋ ਕੇ ਉਸਨੂੰ ਖ਼ੂਬ ਮਾਇਆ ਦਿੱਤੀ ਪ੍ਰੰਤੂ ਉਸਦੇ ਭਰਾ ਖੇਮ ਸਿੰਘ ਨੇ ਉਸਨੂੰ ਕੋਈ ਪੈਸਾ-ਧੇਲਾ ਨਾ ਦਿੱਤਾ। ਘਰ ਆ ਕੇ ਉਨ੍ਹਾਂ ਨੇ ਬਿਨਾਂ ਕੁੱਝ ਖਾਧਿਆਂ-ਪੀਤਿਆਂ ਗੁੱਸੇ ’ਚ ਲਾਲ ਹੁੰਦਿਆਂ ਕਿਹਾ, “ਓਏ ਖੇਮਿਆ! ਸ਼ਰਮ ਕਰ ਕੁਛ, ਸਾਰੇ ਪਿੰਡ ਆਲਿਆਂ ਨੇ ਮੇਰੇ ’ਤੇ ਮਾਇਆ ਦੇ ਗੱਫੇ ਵਰ੍ਹਾ ਦਿੱਤੇ, ਤੇ ਤੈਥੋਂ ਤੰਗ ਦਿਲ ਆਲਿਆ ਇੱਕ ਰੁਪਈਆ ਵੀ ਨ੍ਹੀਂ ਸਰਿਆ, ਬੱਸ ਅੱਜ ਤੋਂ ਤੇਰੀ-ਮੇਰੀ ਬੋਲ ਬਾਣੀ ਬੰਦ ਸਮਝ।” ਤੇ ਕੁਝ

ਦੇਰ ਤੱਕ ਉਹ ਆਪਣੇ ਭਰਾ ਖੇਮ ਸਿੰਘ ਨਾਲ ਇਸੇ ਕਾਰਨ ਨਰਾਜ਼ ਵੀ ਰਹੇ। ਪਾਲ ਦੇ ਬਾਪੂ ਦਾ ਅੰਮ੍ਰਿਤ ਛਕਣ ਤੋਂ ਪਹਿਲਾ ਨਾਂ ਜਵਾਹਰ ਸਿੰਘ ਸੀ। ਉਹ ਪਾਲ ਨੂੰ ਆਪਣੇ ਨਾਲ ਲੈ ਕੇ ਅਕਸਰ ਨਿਹੰਗ ਵਾਲੇ ਖ਼ੂਹ ਕੋਲ ਅੰਬਾਂ ਦੇ ਦਰੱਖਤਾਂ ਥੱਲੇ ਬੈਠ ਕੇ ਜਪੁਜੀ ਸਾਹਿਬ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰਦਾ ਸੀ। ਫਿਰ ਕੁੱਝ ਦੇਰ ਬਾਅਦ ਉਨ੍ਹਾਂ ਨੇ ਸੰਤ ਬਾਬਾ ਅਤਰ ਸਿੰਘ ਰਾਮਪੁਰ ਤੋਂ ਅੰਮ੍ਰਿਤਪਾਨ ਕੀਤਾ ਅਤੇ ਪੰਜ ਪਿਆਰਿਆਂ ਦੀ ਹਾਜ਼ਰੀ ਵਿੱਚ ਫਿਰ ਉਨ੍ਹਾਂ ਦਾ ਨਾਂ ਲਹਿਣਾ ਸਿੰਘ ਰੱਖਿਆ ਗਿਆ।

ਪਾਲ ਨੂੰ ਬਚਪਨ ਤੋਂ ਹੀ ਇਕਾਂਤ ਵਧੇਰੇ ਪਸੰਦ ਸੀ ਤੇ ਬੱਚਿਆਂ ਨਾਲ ਲੜਾਈ-ਝਗੜੇ ਤੇ ਹੁੱਲੜਬਾਜ਼ੀ ਤੋਂ ਸ਼ੁਰੂ ਤੋਂ ਹੀ ਦੂਰ ਰਹਿੰਦਾ ਸੀ। ਆਪਣੇ ਬਾਪੂ ਵਾਂਗ ਚਾਰ-ਪੰਜ ਸਾਲ ਦੀ ਉਮਰ ਵਿੱਚ ਹੀ ਪਾਲ ਦਾ ਧਿਆਨ ਪ੍ਰਭੂ ਭਗਤੀ ਵੱਲ ਵਧੇਰੇ ਲੀਨ ਰਹਿਣ ਲੱਗਾ। ਪਾਲ ਨੂੰ ਸਕੂਲ ਜਾਣ ਤੋਂ ਬਹੁਤ ਡਰ ਲੱਗਦਾ ਸੀ, ਇਸੇ ਕਰਕੇ ਪਾਲ ਪੜ੍ਹਾਈ ਦੇ ਨਾਂ ਤੋਂ, ਸ਼ੁਰੂ ਤੋਂ ਹੀ ਕਾਫ਼ੀ ਚਾਲੂ ਸੀ। ਪਰ 1941 ਵਿੱਚ ਪਾਲ ਦਾ ਬਾਪੂ ਮੱਲੋ ਜ਼ੋਰੀ ਇੰਨਾਂ ਦਾ ਨਾਂ ਪਿੰਡ ਦੇ ਹੀ ਸਕੂਲ ਵਿੱਚ ਦਾਖ਼ਲ ਕਰਵਾ ਆਇਆ, ਤੇ ਆਪਣੇ ਪੁੱਤ ਦੇ ਸਕੂਲ ਦਾਖ਼ਲ ਹੋਣ ਦੀ ਖੁਸ਼ੀ ਵਿੱਚ ਸਕੂਲ ਵਿਚਲੇ ਮਾਸਟਰ-ਮਾਸਟਰਨੀਆਂ ਨੂੰ ਸ਼ੱਕਰ ਵੰਡੀ। ਪਿੰਡ ਕਨੇਚ ਵਿਚਲਾ ਸਕੂਲ ਉਦੋਂ ਕੱਚੇ ਕੋਠੇ ਵਿੱਚ ਹੀ ਚਲਦਾ ਹੁੰਦਾ ਸੀ, ਤੇ ਇੱਥੇ ਕੇਵਲ ਦੂਜੀ ਕਲਾਸ ਤੱਕ ਹੀ ਪੜ੍ਹਾਈ ਮੌਜੂਦ ਸੀ। ਸੋ ਅਗਾਂਹ ਪੜ੍ਹਾਈ ਕਰਨ ਲਈ ਬੱਚਿਆਂ ਨੂੰ ਲਾਗਲੇ ਪਿੰਡਾਂ ਦੇ ਹੋਰਨਾਂ ਸਕੂਲਾਂ ਵਿੱਚ ਜਾਣਾ ਪੈਂਦਾ ਸੀ। ਕੁਝ ਦੇਰ ਬਾਅਦ ਪਿੰਡ ਵਿਚਲਾ ਇਹ ਸਕੂਲ ਚੌਥੀ ਤੱਕ ਦਾ ਹੋ ਗਿਆ ਤੇ ਪਾਲ ਨੇ ਚੌਥੀ ਆਪਣੇ ਪਿੰਡੋਂ ਕਨੇਚ ਤੋਂ ਹੀ ਪਾਸ ਕੀਤੀ। ਚਾਹੇ ਪਾਲ ਦੀ ਉਮਰ ਉਦੋਂ ਬਹੁਤ ਹੀ ਛੋਟੀ ਸੀ ਪਰ ਸਕੂਲੀ ਅਧਿਆਪਕਾਂ ਦੇ ਨਾਲ-ਨਾਲ ਪਿੰਡ ਵਿਚਲੇ ਸਾਰੇ ਲੋਕ ਵੀ ਪਾਲ ਦੇ ਗਾਏ ਹੋਏ ਸ਼ਬਦਾਂ ਨੂੰ ਬੜੀ ਰੀਝ ਨਾਲ ਸੁਣਦੇ ਹੁੰਦੇ ਸਨ। ਜਦ ਪਾਲ ਸਕੂਲੋਂ ਛੁੱਟੀ ਹੋਣ ਉਪਰੰਤ ਵਾਪਸ ਪਰਤ ਰਿਹਾ ਹੁੰਦਾ ਤਾਂ ਰਾਸਤੇ 'ਚ ਬੈਠੇ ਸੱਥ ਵਾਲੇ ਬਜ਼ੁਰਗਾਂ ਨੇ ਕਹਿਣਾ, "ਬਈ ਕਾਕਾ, ਗੁੱਸੇ ਰਹਿ ਜਾਂ ਰਾਜ਼ੀ, ਪਰ ਜਿੰਨੀ ਦੇਰ ਤੂੰ ਸਾਨੂੰ ਦੋ-ਚਾਰ ਸ਼ਬਦ ਨੀ ਸੁਣਾ ਕੇ ਜਾਂਦਾ, ਉਨ੍ਹੀ ਦੇਰ ਅਸੀਂ ਤੈਨੂੰ ਘਰ ਨੀ ਜਾਣ ਦਿੰਦੇ।" ਸੋ ਪਾਲ ਨੇ ਬਜ਼ੁਰਗਾਂ ਦੇ ਕਹਿਣ 'ਤੇ ਦੇਰ ਸ਼ਾਮ ਤੱਕ ਸ਼ਬਦਾਂ ਅਤੇ ਗੀਤਾਂ ਨਾਲ ਬਜ਼ੁਰਗਾਂ ਤੋਂ ਵਾਹ ਵਾਹ ਖੱਟੀ ਜਾਣੀ। ਸ਼ਾਮ ਨੂੰ ਜਦੋਂ ਬੇਬੇ ਨੇ ਪਾਲ ਨੂੰ ਲੇਟ ਆਉਣ ਦਾ ਕਾਰਨ ਪੁੱਛਣਾ ਤਾਂ ਪਾਲ ਨੇ ਕਿਤੇ ਕੋਈ ਬਹਾਨਾ ਲਗਾ ਦੇਣਾ ਤੇ ਕਿਤੇ ਕੋਈ, ਤਾਂ ਜੋ ਬੇਬੇ-ਬਾਪੂ ਦੀ ਛਿੱਤਰ ਪਰੇਡ ਤੋਂ ਬਚਿਆ ਜਾ ਸਕੇ। ਪਰ ਕੁੱਝ ਦੇਰ ਬਾਅਦ ਪਾਲ ਦੀ ਇਸ ਖਾਲਸਤਾਨੀ ਦਾ ਵੀ ਪਤਾ ਲੱਗ ਗਿਆ ਕਿ ਪਾਲ ਰਾਸਤੇ 'ਚ ਬੈਠ ਕੇ ਲੋਕਾਂ ਨੂੰ ਗੀਤ ਸੁਣਾਉਂਦਾ ਰਹਿੰਦਾ ਹੈ, ਤਾਂ ਘਰੇਲੂ ਮੈਂਬਰਾਂ ਵੱਲੋਂ ਪਾਲ ਦੀ ਖੂਬ ਖਿਚਾਈ ਕੀਤੀ ਗਈ।



ਫਿਰ ਪਾਲ ਨੂੰ 5ਵੀਂ ਕਲਾਸ 'ਚ ਸਾਹਨੇਵਾਲ ਸਕੂਲ ਵਿੱਚ ਪੜ੍ਹਨੇ ਪਾਇਆ ਗਿਆ। ਪਾਲ ਲਈ ਸਾਹਨੇਵਾਲ ਪਿੰਡ ਕੋਈ ਨਵਾਂ ਨਹੀਂ ਸੀ, ਕਿਉਂਕਿ ਅਕਸਰ ਹੀ ਉਸਨੂੰ ਕਿਸੇ ਨਾ ਕਿਸੇ ਕੰਮ-ਕਾਜ ਲਈ ਸਾਹਨੇਵਾਲ ਆਉਣਾ ਜਾਣਾ ਪੈਂਦਾ ਸੀ। ਜਦੋਂ ਪਾਲ 5ਵੀਂ 'ਚ ਪੜ੍ਹਦਾ ਹੁੰਦਾ ਸੀ ਤਾਂ ਉਦੋਂ ਧਰਮਿੰਦਰ (ਫ਼ਿਲਮੀ ਸਿਤਾਰਾ, ਜੋ ਸਾਹਨੇਵਾਲ ਦਾ ਹੀ ਜੰਮਪਲ ਹੈ) ਇੱਥੇ ਹੀ ਸੱਤਵੀਂ ਵਿੱਚ ਪੜ੍ਹਦਾ ਹੁੰਦਾ ਸੀ। ਵੈਸੇ ਤਾਂ ਪਾਲ ਦੂਜੀ ਕਲਾਸ ਤੋਂ ਹੀ ਸਕੂਲ ਦੀਆਂ ਸਟੇਜਾਂ 'ਤੇ ਚੜ੍ਹਨ ਲੱਗ ਗਿਆ ਸੀ ਪਰ ਪੰਜਵੀਂ ਕਲਾਸ 'ਚ ਜਦੋਂ ਸਾਹਨੇਵਾਲ ਸਕੂਲ 'ਚ ਸਟੇਜ 'ਤੇ ਪਾਲ ਨੇ ਆਪਣਾ ਪਹਿਲਾ ਗੀਤ ਗਾਇਆ ਤਾਂ ਫਿਰ ਉਸਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਧਰਮਿੰਦਰ ਉਸਦਾ ਪੱਕਾ ਮਿੱਤਰ ਬਣ ਗਿਆ। ਉਦੋਂ ਧਰਮਿੰਦਰ ਦਾ ਪਰਿਵਾਰ ਵੀ ਕਾਫ਼ੀ ਤੰਗੀਆਂ-ਤੁਰਸ਼ੀਆਂ ਦਾ ਸ਼ਿਕਾਰ ਸੀ ਤੇ ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਜੀ ਇਸੇ ਸਕੂਲ ਵਿੱਚ ਹੀ ਹਿੰਦੀ ਦੇ ਮਾਸਟਰ ਸਨ। ਧਰਮਿੰਦਰ ਤੋਂ ਇਲਾਵਾ ਇੱਥੇ ਪਾਲ ਦੇ ਹੋਰ ਵੀ ਕਈ ਜੁੰਡੀ ਦੇ ਯਾਰ ਬਣੇ, ਜਿੰਨਾਂ ਵਿੱਚੋਂ ਉੱਚੀ ਹੱਟੀ ਕਪੂਰੀਏ ਦਾ ਮੁੰਡਾ ਭਗਵੰਤ (ਜਿਸਨੇ ਹਿੰਦੀ ਫ਼ਿਲਮ 'ਸਮਾਧੀ' ਬਣਾਈ), ਖੇਮਾ, ਮਨਜੀਤ ਅਨੰਦਪੁਰ, ਹਰਫੂਲ ਸਿੰਘ ਕਨੇਚ, ਨਾਜ਼ਰ ਸਿੰਘ ਕਨੇਚ (ਕਬੱਡੀ ਖਿਡਾਰੀ) ਅਤੇ ਹਰੀ ਸਿੰਘ ਕਨੇਚ ਦੇ ਨਾਂ ਪ੍ਰਮੁੱਖ ਤੌਰ 'ਤੇ ਵਰਨਣਯੋਗ ਹਨ। ਇਹ ਸਾਰੇ ਯਾਰ-ਮਿੱਤਰ ਸਕੂਲ 'ਚ ਬੈਠ ਕੇ ਸਾਰਾ-ਸਾਰਾ ਦਿਨ ਗੱਪਾਂ-ਸ਼ੱਪਾਂ ਮਾਰਦੇ ਰਹਿੰਦੇ ਅਤੇ ਧਰਮਿੰਦਰ ਦੀ ਆਰਥਿਕ ਹਾਲਤ ਮੰਦੀ ਹੋਣ ਕਰਕੇ ਆਪਣੇ-ਆਪਣੇ ਵਿੱਤ ਅਨੁਸਾਰ ਉਸਦੀ ਵਿੱਤੀ ਸਹਾਇਤਾ ਵੀ ਕਰਦੇ। ਇੱਕ ਵਾਰ ਸਾਹਨੇਵਾਲ ਸਕੂਲ 'ਚ ਹੀ ਉਰਦੂ 'ਚ ਸੁੰਦਰ ਸ਼ਬਦ ਲਿਖਾਈ ਦਾ ਮੁਕਾਬਲਾ ਚੱਲ ਰਿਹਾ ਸੀ। ਧਰਮਿੰਦਰ ਤੇ ਪਾਲ ਦੋਨੋਂ ਹੀ ਇਸ ਮੁਕਾਬਲੇ 'ਚ ਭਾਗ ਲੈ ਰਹੇ ਸਨ। ਧਰਮਿੰਦਰ ਪਾਲ ਤੋਂ ਅਗਲੇ ਡੈਸਕ 'ਤੇ ਬੈਠਾ ਸੀ ਤੇ ਚਾਕੂ ਨਾਲ ਆਪਣੀ ਕਲਮ ਰਿਹਾ ਸੀ। ਪਾਲ ਨੇ ਵੀ ਆਪਣੀ ਕਲਮ ਘੜਨੀ ਸੀ। ਪਾਲ ਨੇ ਉਸਨੂੰ ਦੋ-ਤਿੰਨ ਵਾਰ ਚਾਕੂ ਦੇਣ ਲਈ ਬੇਨਤੀ ਕੀਤੀ, ਪਰ ਜਦ ਉਹ ਨਾ ਬੋਲਿਆ ਤਾਂ ਗੁੱਸੇ 'ਚ ਆ ਕੇ ਪਾਲ ਨੇ ਉਸਨੂੰ ਥੋੜ੍ਹਾ ਜਿਹਾ ਡਾਂਟ ਕੇ ਕਿਹਾ। ਜਿਸ ਉਪਰੰਤ ਖਿਝ ਕੇ ਧਰਮਿੰਦਰ ਨੇ ਚਾਕੂ ਪਾਲ ਦੀ ਖੱਬੀ ਬਾਂਹ 'ਤੇ ਮਾਰ ਦਿੱਤਾ। ਫੇਰ ਕੀ ਸੀ, ਪਾਲ ਦੀ ਬਾਂਹ 'ਚੋਂ ਤਰਿੱਪ-ਤਰਿੱਪ ਖ਼ੂਨ ਵਹਿਣ ਲੱਗਾ ਤੇ ਧਰਮਿੰਦਰ ਦੇ ਵੀ ਭਾਅ ਦੀ ਬਣ ਗਈ, ਪਰ ਪਾਲ ਨੇ ਇਸ ਬਾਰੇ ਕਿਸੇ ਨੂੰ ਵੀ ਅਗਾਂਹ ਨਾ ਦੱਸਿਆ ਤੇ ਹੌਲੀ ਹੌਲੀ ਇਹ ਜ਼ਖ਼ਮ ਆਪ ਹੀ ਠੀਕ ਹੋ ਗਿਆ, ਪਰ ਉਸਦੀ ਨਿਸ਼ਾਨੀ ਅੱਜ ਵੀ ਮੌਜੂਦ ਹੈ। ਜੋ ਪਾਲ ਨੂੰ ਅੱਜ ਵੀ ਧਰਮਿੰਦਰ ਦੇ ਦੋਸਤੀਪੁਣੇ ਦਾ ਅਹਿਸਾਸ ਕਰਵਾਉਂਦੀ ਹੈ।

1948 ਵਿੱਚ ਪਾਲ ਦੇ ਬਾਪੂ ਸ. ਲਹਿਣਾ ਸਿੰਘ ਪ੍ਰਲੋਕ ਸਿਧਾਰ ਗਏ। ਜਿਸ ਕਰਕੇ ਪਾਲ ਦੀ ਘਰੇਲੂ ਹਾਲਤ ਥੋੜ੍ਹੀ ਜਿਹੀ ਹੋਰ ਵੀ ਤੰਗ ਹੋ ਗਈ। ਪਰ ਬੇਬੇ ਦੇ ਸਹਿਯੋਗ ਨਾਲ

ਪਾਲ ਦੀ ਪੜ੍ਹਾਈ ਵਿੱਚ ਕੋਈ ਖੜੋਤ ਨਾ ਆਈ ਤੇ ਉਹ ਲਗਾਤਾਰ ਚਲਦੀ ਰਹੀ। ਪਾਲ ਦੇ ਬਾਕੀ ਭਾਈ ਪੜ੍ਹ ਲਿਖ ਕੇ ਹੌਲੀ-ਹੌਲੀ ਉੱਚੇ ਅਹੁਦਿਆਂ 'ਤੇ ਜਾ ਬਿਰਾਜਮਾਨ ਹੋਏ ਜਿਨ੍ਹਾਂ ਵਿੱਚੋਂ ਮਿੱਤ ਸਿੰਘ (ਐਸ. ਡੀ. ਓ.), ਮਹਿੰਦਰ ਸਿੰਘ (ਡੀ. ਐਸ. ਪੀ.), ਗੁਰਮੇਲ ਸਿੰਘ (ਜੇ.ਵੀ. ਕਾਲਜ ਦੋਰਾਹਾ ਦਾ ਵਾਈਸ ਪ੍ਰਿੰਸੀਪਲ) ਅਤੇ ਭੁਪਿੰਦਰ ਸਿੰਘ (ਖੰਨੇ ਦਾ ਸੈਕਟਰੀ) ਬਣਿਆ ਅਤੇ ਇਨ੍ਹਾਂ ਦੀ ਭੈਣ ਮਨਜੀਤ ਕੌਰ ਕੈਪਟਨ ਬਲਦੇਵ ਸਿੰਘ ਮਾਵੀ ਨਾਲ ਵਿਆਹੀ ਗਈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਪਾਲ ਦੇ ਚਾਰੋਂ ਭਰਾ ਹੁਣ ਆਪਣੇ-ਆਪਣੇ ਅਹੁੱਦਿਆਂ ਤੋਂ ਸੇਵਾ ਮੁਕਤ ਹਨ ਅਤੇ ਆਪੋ-ਆਪਣੇ ਕੰਮਾਂ ਕਾਜਾਂ ਵਿੱਚ ਮਸ਼ਰੂਫ਼ ਹਨ। ਅੱਠਵੀਂ ਅਤੇ ਨੌਂਵੀਂ ਕਲਾਸ ਵਿੱਚ ਪਾਲ ਦੀ ਗਾਇਕੀ ਵਿੱਚ ਹੋਰ ਵੀ ਨਿਖ਼ਾਰ ਆਇਆ ਕਿਉਂਕਿ ਪਾਲ ਦੇ ਜੋ ਸਕੇ ਸੰਬੰਧੀ ਪਹਿਲਾਂ ਉਸਦੇ ਗਾਉਣ ਦਾ ਵਿਰੋਧ ਕਰਦੇ ਹੁੰਦੇ ਸਨ, ਜਦ ਉਨ੍ਹਾਂ ਨੂੰ ਪਾਲ ਦੀ ਪ੍ਰਤਿਭਾ ਨਿਖਰਦੀ ਹੋਈ ਦਿਖਾਈ ਦੇਣ ਲੱਗੀ ਤਾਂ ਉਹ ਵੀ ਪਾਲ ਦਾ ਖੁੱਲ੍ਹ-ਦਿਲੀ ਨਾਲ ਸਾਥ ਦੇਣ ਲੱਗੇ। ਅੱਠਵੀਂ ਤੇ ਨੌਂਵੀਂ ਕਲਾਸ ਵਿੱਚ ਸਾਹਨੇਵਾਲ ਸਕੂਲ ਵਿੱਚ ਕੋਈ ਵੀ ਅਜਿਹਾ ਸਮਾਗਮ ਨਹੀਂ ਹੁੰਦਾ ਸੀ, ਜਿਸ ਵਿੱਚ ਪਾਲ ਮੋਹਰੀ ਨਾ ਹੋਵੇ। ਸੋ ਸਕੂਲ ਦੇ ਸਟੇਜੀ ਪ੍ਰੋਗਰਾਮਾਂ ਵੱਲ ਵਧੇਰੇ ਆਕਰਸ਼ਿਤ ਹੋਣ ਕਰਕੇ ਪਾਲ ਦਸਵੀਂ ਵਿੱਚੋਂ ਫੇਲ੍ਹ ਹੋ ਗਿਆ। ਜਦ ਪਾਲ ਦੇ ਪਰਿਵਾਰਕ ਮੈਂਬਰਾਂ ਨੂੰ ਪਾਲ ਦੇ ਫੇਲ੍ਹ ਹੋਣ ਸਬੰਧੀ ਪਤਾ ਲੱਗਿਆ ਤਾਂ ਉਨ੍ਹਾਂ ਨੇ ਪਾਲ ਨੂੰ ਖ਼ੂਬ ਡਾਂਟਿਆ, ਝਿੜਕਾਂ ਦਿੱਤੀਆਂ ਤੇ ਉਸਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਜੇਕਰ ਅਗਲੇ ਵਰ੍ਹੇ ਉਹ ਚੰਗੇ ਨੰਬਰ ਲੈ ਕੇ ਪਾਸ ਨਾ ਹੋਇਆ ਤਾਂ ਉਸਦਾ ਤੋਰੀ-ਫੁਲਕਾ ਬੰਦ ਕਰ ਦਿੱਤਾ ਜਾਵੇਗਾ। ਸੋ ਕੁਝ ਦੇਰ ਬਾਅਦ ਪਾਲ ਨੇ ਸਾਹਨੇਵਾਲ ਸਕੂਲ 'ਚ ਹੀ ਦਾਖਲਾ ਲਿਆ ਅਤੇ ਸਟੇਜੀ ਪ੍ਰੋਗਰਾਮਾਂ ਵੱਲੋਂ ਕੁਝ ਕੁ ਰੁਝਾਨ ਘਟਾ ਕੇ ਪੜ੍ਹਾਈ ਵੱਲ ਵਧੇਰੇ ਧਿਆਨ ਦਿੱਤਾ। ਸੋ 1956 'ਚ ਪਾਲ ਨੇ ਸਾਹਨੇਵਾਲ ਸਕੂਲ ਤੋਂ ਹੀ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ।

ਦਸਵੀਂ ਕਰਨ ਤੋਂ ਬਾਅਦ ਪਾਲ ਆਪਣੇ ਵੱਡੇ ਭਰਾ ਮਿੱਤ ਸਿੰਘ ਕੋਲ ਗਿੱਲ ਕੋਠੀ ਬਾਘਾਪੁਰਾਣਾ, ਜ਼ਿਲ੍ਹਾ ਮੋਗਾ ਵਿਖੇ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕਰਨ ਲਈ ਚਲਾ ਗਿਆ ਤੇ ਉੱਥੇ ਹੀ ਰਹਿਣ ਲੱਗ ਪਿਆ। ਗਿੱਲ ਕੋਠੀ ਵਿਖੇ ਉੱਥੇ ਹੀ ਪਾਲ ਦਾ ਮੇਲ ਤਾਰ ਬਾਬੂ ਬਲਵੰਤ ਸਿੰਘ ਮਾਂਗਟ ਹੋਰਾਂ ਨਾਲ ਹੋਇਆ। ਉਹ ਪਿੰਡ ਮਾਂਗਟ, ਜ਼ਿਲ੍ਹਾ ਲੁਧਿਆਣਾ ਦੇ ਹੀ ਰਹਿਣ ਵਾਲੇ ਸਨ। ਹੌਲੀ-ਹੌਲੀ ਪਾਲ ਦਾ ਬਲਵੰਤ ਸਿੰਘ ਜੀ ਨਾਲ ਬਹਿਣਾ-ਉੱਠਣਾ ਵਧਦਾ ਗਿਆ ਤੇ ਪਾਲ ਨੇ ਉਨ੍ਹਾਂ ਤੋਂ ਤਾਰ ਬਾਬੂ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ। ਜਨਵਰੀ 1959 ਵਿੱਚ ਪਿੰਡ ਰਣੀਆਂ ਵਿਖੇ ਪਾਲ ਨੂੰ ਤਾਰ ਬਾਬੂ ਦੀ ਨੌਕਰੀ ਮਿਲੀ। ਪਾਲ ਨੂੰ ਤਾਰ ਬਾਬੂ ਉਸ ਤਾਰ ਬਾਬੂ ਦੀ ਥਾਂ 'ਤੇ ਲਗਾਇਆ ਗਿਆ, ਜਿਸਦਾ ਕੁਝ ਦੇਰ ਪਹਿਲਾਂ



ਕਤਲ ਕਰਕੇ ਉਸਨੂੰ ਨਹਿਰ ਵਿੱਚ ਸੁੱਟ ਦਿੱਤਾ ਗਿਆ ਸੀ। ਤਾਰ ਬਾਬੂ ਰਾਹੀਂ ਆਪਣਾ ਤੋਰੀ-ਫੁਲਕਾ ਚਲਾਉਣ ਦੇ ਨਾਲ-ਨਾਲ ਪਾਲ ਨੇ ਆਪਣੀ ਗਾਇਕੀ ਵੀ ਨਿਰਵਿਘਨ ਜਾਰੀ ਰੱਖੀ। ਪਾਲ ਨੇ ਆਪਣੀ ਨੌਕਰੀ ਵਾਲੀ ਥਾਂ 'ਤੇ ਇੱਕ ਹੋਰ ਸੱਜਣ-ਮਿੱਤਰ ਰੱਖ ਲਿਆ ਅਤੇ ਜਦ ਕਦੇ ਵੀ ਪਾਲ ਨੇ ਕਿਸੇ ਪ੍ਰੋਗਰਾਮ ਲਈ ਫ਼ਰਲੋ ਮਾਰ ਕੇ ਜਾਣਾ ਹੁੰਦਾ ਤਾਂ ਉਹੀ ਪਾਲ ਦੀ ਥਾਂ ਡਿਊਟੀ ਦਿੰਦਾ। ਇੱਥੇ ਹੀ ਪਾਲ ਦੇ ਜੀਵਨ ਪੰਧ ਨੂੰ ਰੁਸ਼ਨਾਉਣ ਵਾਲੀ ਡੀ. ਐਮ. ਕਾਲਜ ਮੋਗਾ ਦੀ ਬੀ.ਏ. ਕਲਾਸ ਦੀ ਇੱਕ ਵਿਦਿਆਰਥਣ ਉਸਦੀ ਹਮਸਾਥਣ ਬਣੀ, ਜੋ ਪਾਲ ਦੀ ਗਾਇਕੀ ਤੋਂ ਬੇਹੱਦ ਪ੍ਰਭਾਵਿਤ ਸੀ। ਦੋਹਾਂ ਨੇ ਇਕੱਠਿਆਂ ਜਿਉਣ-ਮਰਨ ਦੇ ਵਾਅਦੇ ਕੀਤੇ, ਪਰ ਕੁਝ ਦੇਰ ਬਾਅਦ ਉਸਦਾ ਵਿਆਹ ਉਸਦੀ ਮਰਜ਼ੀ ਦੇ ਖਿਲਾਫ਼ ਘਰਦਿਆਂ ਵੱਲੋਂ ਕਿਸੇ ਹੋਰ ਨਾਲ ਕਰ ਦਿੱਤਾ ਗਿਆ, ਜਿਸ ਕਾਰਨ ਪਾਲ ਦੇ ਦਿਲ 'ਤੇ ਕਰਾਰੀ ਸੱਟ ਲੱਗੀ ਤੇ ਇਸ਼ਕ ਦੀ ਇਸ ਸੱਟ ਕਾਰਨ ਉਸਦੀ ਗਾਇਕੀ ਵਿੱਚ ਹੋਰ ਵੀ ਚਮਕ ਆ ਗਈ।

ਫਿਰ ਕੁਝ ਦੇਰ ਬਾਅਦ ਪਾਲ ਦਾ ਮੇਲ ਮੇਘੇ ਮਰਾਸੀ ਨਾਂ ਦੇ ਇੱਕ ਵਿਅਕਤੀ ਨਾਲ ਹੋ ਗਿਆ। ਮੇਘਾ ਮਰਾਸੀ ਉਨ੍ਹੀਂ ਦਿਨੀਂ ਨਹਿਰ ਦੇ ਕੰਢੇ 'ਤੇ ਡੰਗਰ ਚਾਰਦਾ ਹੁੰਦਾ ਸੀ। ਪਾਲ ਦੀ ਗਾਇਕੀ ਪ੍ਰਤੀ ਚਿਣਗ ਦੇਖ ਕੇ ਉਸਨੇ ਇੱਕ ਦਿਨ ਪਾਲ ਨੂੰ ਸਃ ਗੁਰਚਰਨ ਸਿੰਘ ਥਿੰਦ ਜੀ ਨਾਲ ਮਿਲਾਇਆ, ਜੋ ਪਹਿਲਵਾਨ ਹੋਣ ਦੇ ਨਾਲ-ਨਾਲ ਬਹੁਤ ਚੰਗੇ ਗਾਇਕ ਵੀ ਸਨ ਅਤੇ ਉਨ੍ਹਾਂ ਨੂੰ ਤੂੰਬੀ ਵਜਾਉਣ ਵਿੱਚ ਵੀ ਪੂਰੀ ਮੁਹਾਰਿਤ ਹਾਸਿਲ ਸੀ। ਉਹ ਉਨੀਂ ਦਿਨੀਂ ਬੱਧਨੀ ਕਲਾਂ 'ਚ ਰਹਿੰਦੇ ਸਨ ਤੇ ਰਾਧਾ ਸੁਆਮੀ ਵਿਚਾਰਧਾਰਾ ਦੇ ਮਾਲਕ ਸਨ। ਉਨ੍ਹਾਂ ਨੇ ਪਾਲ ਨੂੰ ਆਪਣੀ ਤੂੰਬੀ ਵਜਾਉਣੀ ਸਿਖਾਈ ਤੇ ਪਾਲ ਨੂੰ ਆਪਣਾ ਸ਼ਗਿਰਦ ਬਣਾ ਕੇ ਗਾਇਕੀ ਦੇ ਵਧੀਆ ਗੁਰ ਦਿੱਤੇ। ਵੈਸੇ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਾਲ ਦੀ ਗਾਇਕੀ ਨੂੰ ਬਿਹਤਰੀਨ ਅਤੇ ਸੁਚੱਜਾਪਣ ਪ੍ਰਦਾਨ ਕਰਨ ਲਈ ਜਿੰਨਾਂ ਯੋਗਦਾਨ ਸਵਃ ਸ. ਗੁਰਚਰਨ ਸਿੰਘ ਥਿੰਦ ਜੀ ਨੇ ਨਿਭਾਇਆ, ਉਨ੍ਹਾਂ ਸ਼ਾਇਦ ਹੀ ਕੋਈ ਗੁਰੂ ਆਪਣੇ ਚੇਲੇ ਲਈ ਨਿਭਾ ਸਕਦਾ ਹੋਵੇ। ਜਦੋਂ ਪਾਲ ਤੂੰਬੀ ਸਿੱਖਣ ਵੇਲੇ ਥੋੜ੍ਹਾ ਜਿਹਾ ਅਕੇਵਾਂ ਮਹਿਸੂਸ ਕਰਨ ਲੱਗਦਾ ਤਾਂ ਥਿੰਦ ਸਾਹਿਬ ਕਹਿੰਦੇ, "ਪਾਲ ਪੁੱਤਰਾ, ਦੋ ਪੈਰ ਘੱਟ ਪਰ ਮੜਕ ਨਾਲ ਤੁਰਨਾ ਤਾਂ ਤੇਰੇ ਲਈ ਮੁਨਾਸਿਬ ਐ, ਪਰ ਅਕੇਵੇਂ ਦਾ ਸੰਗੀਤ ਨਾਲ ਕੋਈ ਵਾਹ-ਵਾਸਤਾ ਨਹੀਂ ਕਿਉਂਕਿ ਸੰਗੀਤ ਤਾਂ ਉਹ ਸਮੁੰਦਰ ਹੈ, ਜਿਸਦੀਆਂ ਛੱਲਾਂ ਆਉਣ ਵਾਲੇ ਸਮੇਂ 'ਚ ਵੀ ਲੋਕਾਂ ਨੂੰ ਸਰਸ਼ਾਰ ਕਰਦੀਆਂ ਰਹਿਣਗੀਆਂ।" ਸੋ ਗੁਰੂ ਜੀ ਦੀਆਂ ਗੱਲਾਂ ਨੂੰ ਪਾਲ ਸਿਰ-ਮੱਥੇ ਸਵੀਕਾਰ ਕਰਦਾ ਤੇ ਜਿਵੇਂ ਉਹ ਕਹਿੰਦੇ ਉਨ੍ਹਾਂ ਦੀ ਰਜ਼ਾ ਵਿੱਚ ਰਹਿੰਦਾ।

ਉਸਤੋਂ ਕੁਝ ਦੇਰ ਬਾਅਦ ਪਾਲ ਦਾ ਮਿਲਾਪ ਦਾਉਧਰ ਵਾਲੇ ਰਾਗੀ ਗਿਆਨੀ

ਗਿਆਨ ਸਿੰਘ ਸੁਰਜੀਤ ਜੀ ਨਾਲ ਹੋਇਆ। ਉਨ੍ਹਾਂ ਨੂੰ ਬੈਜੋਂ ਵਜਾਉਣ ਵਿੱਚ ਪੂਰੀ ਮੁਹਾਰਿਤ ਹਾਸਿਲ ਸੀ। ਪਾਲ ਨੇ ਗਿਆਨੀ ਗਿਆਨ ਸਿੰਘ ਜੀ ਅੱਗੇ ਬੈਜੋਂ ਸਿੱਖਣ ਦੀ ਤਜਵੀਜ਼ ਪੇਸ਼ ਕੀਤੀ। ਸੋ ਉਨ੍ਹਾਂ ਨੇ ਪਾਲ ਦੀਆਂ ਦਿਲੀ ਭਾਵਨਾਵਾਂ ਨੂੰ ਸਮਝਦੇ ਹੋਏ ਪਾਲ ਨੂੰ ਬੈਜੋਂ ਸਿਖਾਉਣੀ ਸ਼ੁਰੂ ਕਰ ਦਿੱਤੀ ਤੇ ਕੁਝ ਹੀ ਦੇਰ ਬਾਅਦ ਪਾਲ ਨੂੰ ਬੈਜੋਂ ਵਜਾਉਣ ਵਿੱਚ ਪੂਰੀ ਮੁਹਾਰਿਤ ਹਾਸਿਲ ਹੋ ਗਈ। ਬੈਜੋਂ ਵਿੱਚ ਮੁਹਾਰਿਤ ਹਾਸਿਲ ਕਰਨ ਤੋਂ ਬਾਅਦ ਪਾਲ ਦੀ ਦਿਲਚਸਪੀ ਕਲਾਸੀਕਲ ਸੰਗੀਤ ਸਿੱਖਣ ਵੱਲ ਪੈਦਾ ਹੋਈ, ਕਿਉਂਕਿ ਉਨ੍ਹੀਂ ਦਿਨੀਂ ਹਰ ਗਾਇਕ ਦੇ ਦਿਲੋਂ ਦਿਮਾਗ਼ ਉੱਪਰ ਕਲਾਸੀਕਲ ਸੰਗੀਤ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਸੀ। ਕਲਾਸੀਕਲ ਸੰਗੀਤ ਦੀ ਤਾਲੀਮ ਹਾਸਿਲ ਕਰਨ ਲਈ ਪਾਲ ਸ. ਜਸਵੰਤ ਸਿੰਘ ਭੰਵਰਾ ਦੇ ਸੰਪਰਕ ਵਿੱਚ ਆਇਆ। ਉਨ੍ਹਾਂ ਨੇ ਪਾਲ ਨੂੰ ਕਲਾਸੀਕਲ ਸੰਗੀਤ ਦੇ ਵਧੀਆ ਗੁਰ ਦੱਸੇ, ਜਿਸ ਕਾਰਨ ਪਾਲ ਕਲਾਸੀਕਲ ਸੰਗੀਤ ਵਿੱਚ ਵੀ ਪ੍ਰਪੱਕ ਹੋ ਗਿਆ। ਗਾਉਣ ਦੇ ਨਾਲ-ਨਾਲ ਪਾਲ ਨੂੰ ਥੋੜ੍ਹਾ-ਬਹੁਤ ਲਿਖਣ ਦਾ ਸ਼ੌਕ ਵੀ ਸੀ, ਸੋ ਕਵਿਤਾਵਾਂ ਅਤੇ ਗੀਤਾਂ ਦੀਆਂ ਬਰੀਕੀਆਂ ਤੋਂ ਜਾਣੂ ਹੋਣ ਲਈ ਪਾਲ ਨੇ ਗਿਆਨੀ ਨਿਰਭੈ ਸਿੰਘ ਦੁਆਰੇਆਣਾ ਅਤੇ ਸਵ: ਸ. ਸੰਪੂਰਨ ਸਿੰਘ ਝੱਲਾ ਜੀ ਨੂੰ ਆਪਣਾ ਮਾਰਗ ਦਰਸ਼ਕ ਸਵੀਕਾਰ ਕੀਤਾ।

ਕੁਝ ਦੇਰ ਬਾਅਦ ਗਾਇਕੀ ਦੀ ਚਿਣਗ ਮਨ ਦੇ ਆਲੇ 'ਚ ਪੂਰੀ ਤਰ੍ਹਾਂ ਭਖਣ ਉਪਰੰਤ ਪਾਲ ਨੇ ਤਾਰ ਬਾਬੂ ਦੀ ਨੌਕਰੀ ਨੂੰ ਅਲਵਿਦਾ ਕਹਿ ਦਿੱਤਾ। ਕੁੱਲ ਮਿਲਾ ਕੇ ਪਾਲ ਨੇ ਕਰੀਬ ਸਾਢੇ ਕੁ ਚਾਰ ਸਾਲ ਤਾਰ ਬਾਬੂ ਦੀ ਨੌਕਰੀ ਕੀਤੀ। ਤਾਰ ਬਾਬੂ ਦੀ ਨੌਕਰੀ ਛੱਡਣ ਤੋਂ ਬਾਅਦ ਪਾਲ ਕਾਫ਼ੀ ਉਦਾਸ-ਉਦਾਸ ਜਿਹਾ ਰਹਿਣ ਲੱਗਿਆ ਅਤੇ ਰੋਜ਼ੀ-ਰੋਟੀ ਦਾ ਕੋਈ ਹੋਰ ਵਸੀਲਾ ਲੱਭਣ ਲੱਗਾ। ਫਿਰ ਕੁਝ ਦੇਰ ਬਾਅਦ ਪਾਲ ਦੇ ਦੋਸਤ ਮਾ. ਰੁਲਦੂ ਰਾਮ ਸੇਖਾ ਅਤੇ ਹਰਨੇਕ ਸਿੰਘ ਉਸਨੂੰ ਬਾਜੇਖਾਨੇ ਜੇ. ਬੀ. ਟੀ. ਵਿੱਚ ਇੰਟਰਵਿਊ ਦਿਵਾਉਣ ਚਲੇ ਗਏ ਤੇ ਪਾਲ ਇਸ ਇੰਟਰਵਿਊ 'ਚੋਂ ਪਾਸ ਹੋ ਗਿਆ। ਸੋ 1964 ਵਿੱਚ ਪਾਲ ਨੇ ਜੇ. ਬੀ. ਟੀ. ਕਰ ਲਈ। ਪਾਲ ਨੂੰ ਅਨੇਕਾਂ ਥਾਵਾਂ ਤੋਂ ਜੇ. ਬੀ. ਟੀ. ਅਧਿਆਪਕ ਲੱਗਣ ਦੇ ਬੁਲਾਵੇ ਵੀ ਆਏ ਪ੍ਰੰਤੂ ਪਾਲ ਨੇ ਇਹ ਨੌਕਰੀ ਵੀ ਨਾ ਕੀਤੀ। ਸਮੁੱਚੇ ਰੂਪ ਵਿੱਚ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਆਪਣੇ ਜੀਵਨ ਦੇ ਆਰੰਭਿਕ ਸਤਾਈ ਸਾਲਾਂ ਤੱਕ ਪਾਲ ਨੇ ਅਨੇਕਾਂ ਪ੍ਰਕਾਰ ਦੀਆਂ ਔਕੜਾਂ ਨੂੰ ਆਪਣੇ ਤਨ 'ਤੇ ਹੰਢਾਇਆ ਅਤੇ ਹਿਜ਼ਰ ਦੀਆਂ ਸੱਟਾਂ ਖਾਧੀਆਂ। ਇਸੇ ਕਰਕੇ ਹੀ ਪਾਲ ਦਾ ਮਨ ਹਰ ਪ੍ਰਕਾਰ ਦੀ ਨੌਕਰੀ ਤੋਂ ਚੱਲ ਗਿਆ ਤੇ ਉਹ ਨੌਕਰੀਆਂ ਵਗੈਰਾ ਦੇ ਚੱਕਰਾਂ ਤੋਂ ਮਾਯੂਸ ਹੋ ਗਿਆ। ਫਿਰ ਉਸਤੋਂ ਬਾਅਦ ਪਾਲ ਹਰ ਪ੍ਰਕਾਰ ਦੇ ਕੰਮਾਂ-ਕਾਰਾਂ ਨੂੰ ਤਿਲਾਂਜਲੀ ਦੇ ਕੇ ਇਨ੍ਹਾਂ ਸੱਟਾਂ ਦੇ ਸੰਤਾਪ ਕਾਰਨ ਹੀ ਜੰਗੀ ਪੱਧਰ 'ਤੇ ਗਾਇਕੀ ਨੂੰ ਸਮਰਪਿਤ ਹੋ ਗਿਆ।



## ਗਾਇਕੀ ਦਾ ਜੰਗੀ ਸਫ਼ਰ

ਵੈਸੇ ਤਾਂ ਪਾਲ ਬਚਪਨ ਤੋਂ ਹੀ ਵਿਆਹਾਂ-ਸ਼ਾਦੀਆਂ ਵਿੱਚ ਸਿਹਰੇ ਅਤੇ ਧਾਰਮਿਕ ਗੀਤ ਗਾਉਣ ਦਾ ਸ਼ੌਕੀਨ ਸੀ ਪ੍ਰੰਤੂ ਜੇ. ਬੀ. ਟੀ. ਕਰਨ ਤੋਂ ਬਾਅਦ ਪਾਲ ਸਟੇਜੀ ਪ੍ਰੋਗਰਾਮਾਂ ਨੂੰ ਜੰਗੀ ਪੱਧਰ 'ਤੇ ਕਰਨ ਲੱਗਾ। ਆਪਣੀ ਆਵਾਜ਼ ਨੂੰ ਤਰਾਸ਼ਣ ਲਈ ਪਾਲ ਨੇ ਦਿਨ-ਰਾਤ ਇੱਕ ਕਰ ਦਿੱਤਾ। ਉਸਦੀ ਗਾਇਕੀ ਪ੍ਰਤੀ ਮਿਹਨਤ ਅਤੇ ਰਿਆਜ਼ ਦੀ ਝਲਕ ਇੱਥੋਂ ਵੀ ਪੈਂਦੀ ਹੈ ਕਿ ਉਹ ਰਣੀਏ ਦੀ ਕੋਠੀ ਦੇ ਪੁਲ ਥੱਲੇ ਬੈਠ ਕੇ ਰਾਤ ਦੇ ਦੋ-ਦੋ ਵਜੇ ਤੱਕ ਗਾਉਂਦਾ ਰਹਿੰਦਾ, ਸੋ ਉਸਦੀ ਮਿਹਨਤ ਰੰਗ ਲਿਆਈ। ਸਟੇਜੀ ਪ੍ਰੋਗਰਾਮ ਕਰਨ ਕਰਕੇ ਪਾਲ ਦੀ ਚੜ੍ਹਾਈ ਦਿਨ-ਬ-ਦਿਨ ਵਧਦੀ ਗਈ ਅਤੇ ਪੰਜਾਬ ਤੋਂ ਬਾਹਰ ਵੀ ਪਾਲ ਦੀ ਗਾਇਕੀ ਦੀ ਮੰਗ ਵਧਣ ਲੱਗੀ। ਸਟੇਜੀ ਪ੍ਰੋਗਰਾਮ ਕਰਨ ਕਰਕੇ ਹੀ ਪਾਲ ਦਾ ਨਾਂ ਪੰਜਾਬ ਦੇ ਹੋਰਨਾਂ ਕਈ ਚਰਚਿਤ ਗਾਇਕਾਂ ਦੀ ਲੜੀ ਵਿੱਚ ਗਿਣਿਆ ਜਾਣ ਲੱਗਾ ਅਤੇ ਪਾਲ ਆਸਾ ਸਿੰਘ ਮਸਤਾਨਾ, ਲਾਲ ਚੰਦ ਯਮਲਾ ਜੱਟ, ਚਾਂਦੀ ਰਾਮ ਅਤੇ ਜਗਤ ਸਿੰਘ ਜੱਗਾ ਵਰਗੇ ਨਾਮਵਰ ਗਾਇਕਾਂ ਨਾਲ ਹਮ-ਸਟੇਜ ਹੋਣ ਲੱਗਾ। ਕੁਝ ਦੇਰ ਬਾਅਦ ਪਾਲ ਦੀ ਸਟੇਜਾਂ ਉੱਪਰ ਚੜ੍ਹਾਈ ਦੇਖ ਕੇ ਆਰ. ਕੇ. ਗੁਪਤਾ ਨੇ ਪਾਲ ਨੂੰ ਆਪਣੀ ਪਤਨੀ ਸਵਰਨ ਲਤਾ ਨਾਲ ਦੋਗਾਣੇ ਵਗੈਰਾ ਗਾਉਣ ਲਈ ਪ੍ਰੇਰਿਆ। ਸਵਰਨ ਲਤਾ ਵੀ ਉਨੀਂ ਦਿਨੀਂ ਸਟੇਜੀ ਪ੍ਰੋਗਰਾਮਾਂ ਕਰਕੇ ਪੰਜਾਬ ਦੇ ਲੋਕਾਂ ਦੇ ਦਿਲਾਂ 'ਤੇ ਛਾਈ ਹੋਈ ਸੀ। ਪਹਿਲੋ ਪਹਿਲ ਤਾਂ ਪਾਲ ਦੋਗਾਣਿਆਂ ਦੇ ਨਾਂ ਤੋਂ ਕਾਫ਼ੀ ਝਿਜਕਿਆ ਕਿ ਕਿਤੇ ਦੋਗਾਣੇ ਗਾਉਣ ਦੀ ਪ੍ਰਕਿਰਿਆ ਨਾਲ ਉਸਦੀ ਪ੍ਰਤਿਭਾ 'ਤੇ ਪ੍ਰਸ਼ਨ ਚਿੰਨ੍ਹ ਨਾ ਲੱਗ ਜਾਵੇ ਪ੍ਰੰਤੂ ਫਿਰ ਯਾਰਾਂ-ਬੇਲੀਆਂ ਦੇ ਵਧੇਰੇ ਪ੍ਰੇਰਣ ਸਦਕਾ ਪਾਲ ਨੇ ਸਵਰਨ ਲਤਾ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਅਤੇ ਇੰਨਾਂ ਦੋਹਾਂ ਨੇ ਕਰੀਬ ਦੋ-ਢਾਈ ਸਾਲ ਇਸੇ ਤਰ੍ਹਾਂ ਦੋਗਾਣਿਆਂ ਦਾ ਸਫ਼ਰ ਜਾਰੀ ਰੱਖਿਆ। ਦੋਗਾਣੇ ਗਾਉਣ ਕਰਕੇ ਪਾਲ ਦੀ ਪ੍ਰਸਿੱਧੀ ਨੂੰ ਹੋਰ ਵੀ ਬਲ ਮਿਲਿਆ ਤੇ ਉਸਨੂੰ ਪੰਜਾਬ ਦੇ ਨਾਲ ਨਾਲ ਹੋਰਨਾਂ ਬਾਹਰਲੀਆਂ ਥਾਵਾਂ ਤੋਂ ਵੀ ਪ੍ਰੋਗਰਾਮ ਮਿਲਣ ਲੱਗੇ। ਪਾਲ ਦੀ ਗਾਇਕੀ ਨੇ ਉਸ ਵਕਤ ਇੰਨਾ ਜ਼ੋਰ ਫੜ ਲਿਆ ਸੀ ਕਿ ਉਹ ਗੰਗਾਨਗਰ, ਪਦਮਪੁਰ, ਸੂਰਤਗੜ੍ਹ, ਸ਼ਿਮਲਾ, ਮਨਸੂਰੀ ਅਤੇ ਪੰਜਾਬੋਂ ਬਾਹਰ ਹੋਰਨਾਂ ਕਈ ਥਾਵਾਂ 'ਤੇ ਦਿਨ ਵਿੱਚ ਦੋ-ਦੋ, ਤਿੰਨ-ਤਿੰਨ ਪ੍ਰੋਗਰਾਮ ਕਰਨ ਜਾਂਦਾ। ਫਿਰ ਕੁਝ ਦੇਰ ਬਾਅਦ ਪਾਲ ਅਤੇ ਸਵਰਨ ਲਤਾ ਦੇ ਆਪਸੀ ਵਿਚਾਰਾਂ ਵਿੱਚ ਕੁਝ ਤਕਰਾਰਬਾਜ਼ੀ ਜਿਹੀ ਪੈਦਾ ਹੋ ਗਈ ਅਤੇ ਪਾਲ ਸਵਰਨ ਲਤਾ ਨਾਲੋਂ ਗਾਉਣਾ ਛੱਡ ਕੇ ਲੁਧਿਆਣੇ ਦੀ ਹੀ ਇੱਕ ਗਾਇਕਾ ਰਜਿੰਦਰ ਰਾਜਨ, ਜੋ ਜਸਵੰਤ ਸਿੰਘ ਭੰਵਰਾ ਦੀ ਸ਼ਗਿਰਦ ਹੈ, ਨਾਲ ਗਾਉਣ ਲੱਗਾ ਅਤੇ ਕਰੀਬ ਸਵਾ ਦੋ ਸਾਲ ਦੋਗਾਣਿਆਂ ਸਦਕਾ ਪਾਲ

ਅਤੇ ਰਜਿੰਦਰ ਰਾਜਨ ਨੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਪਾਲ ਦੀ ਨਿੱਤ ਦਿਨ ਵਧਦੀ ਲੋਕ ਪ੍ਰਿਯਤਾ ਨੇ ਇਹ ਸਿੱਧ ਕਰ ਦਿੱਤਾ ਕਿ ਪੰਜਾਬ ਅਤੇ ਪੰਜਾਬੀਅਤ ਨੂੰ ਮੋਹ ਕਰਨ ਵਾਲੇ ਲੋਕ ਉਸਨੂੰ ਪਲਕਾਂ ਦੀਆਂ ਛਾਵਾਂ ਕਰਨ ਲਈ ਵੀ ਵਚਨਬੱਧ ਹਨ। ਪਾਲ ਦੇ ਸਟੇਜੀ ਪ੍ਰੋਗਰਾਮਾਂ ਨੂੰ ਦੇਖ ਕੇ ਇੱਕ ਵਾਰ ਕੇ. ਦੀਪ. ਦੀ ਪਤਨੀ ਜਗਮੋਹਨ ਕੌਰ ਨੇ ਪਾਲ ਨੂੰ ਆਪਣੇ ਨਾਲ ਦੋਗਾਣੇ ਗਾਉਣ ਲਈ ਕਿਹਾ। ਜਗਮੋਹਣ ਕੌਰ ਦੀ ਸੱਭਿਆਚਾਰਕ ਅਤੇ ਸਾਫ਼-ਸੁਥਰੀ ਗਾਇਕੀ ਨੂੰ ਵੀ ਉਨੀਂ ਦਿਨੀਂ ਪੰਜਾਬੀ ਲੋਕਾਂ ਵੱਲੋਂ ਬਹੁਤ ਮਾਣ-ਸਤਿਕਾਰ ਦਿੱਤਾ ਜਾਂਦਾ ਸੀ। ਸੋ ਫਿਰ ਪਾਲ ਨੇ ਰਜਿੰਦਰ ਰਾਜਨ ਨਾਲ ਦੋਗਾਣੇ ਗਾਉਣੇ ਛੱਡ ਕੇ ਜਗਮੋਹਣ ਕੌਰ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਅਤੇ ਇੰਨਾਂ ਦੋਹਾਂ ਦਾ ਦੋਗਾਣੇ ਗਾਉਣ ਦਾ ਸਫ਼ਰ ਕਰੀਬ ਦੋ-ਤਿੰਨ ਸਾਲਾਂ ਤੱਕ ਚੱਲਿਆ। ਕੁਝ ਦੇਰ ਤੱਕ ਪਾਲ ਨੇ ਸਵ. ਨਰਿੰਦਰ ਬੀਬਾ ਜੀ ਨਾਲ ਵੀ ਗਾਇਆ। ਪ੍ਰੰਤੂ ਪਾਲ ਦੀ ਦੋਗਾਣੇ ਗਾਉਣ ਵਾਲੀ ਕਿਸੇ ਵੀ ਗਾਇਕਾ ਨਾਲ ਬਹੁਤੀ ਦੇਰ ਤੱਕ ਨਹੀਂ ਨਿਭੀ। ਇਸਤੋਂ ਇਲਾਵਾ ਪਾਲ ਨੇ ਕੁਝ ਦੇਰ ਲਈ ਬੀਬਾ ਜਸਵਿੰਦਰ ਬਰਾੜ ਨਾਲ ਵੀ ਸਟੇਜਾਂ ਸਾਂਝੀਆਂ ਕੀਤੀਆਂ।

ਸੋ ਲਗਾਤਾਰ ਪੰਜ-ਛੇ ਵਰ੍ਹੇ ਦੋਗਾਣੇ ਗਾਉਣ ਤੋਂ ਬਾਅਦ ਪਾਲ ਥੱਕ ਹਾਰ ਕੇ ਦੋਗਾਣੇ ਗਾਉਣ ਦੀ ਵਿਚਾਰਧਾਰਾ ਖਤਮ ਕਰਕੇ ਕੋਟਕਪੂਰੇ ਵਾਪਸ ਪਰਤ ਆਇਆ ਅਤੇ ਇੱਥੇ ਇਕੱਲਿਆਂ ਹੀ ਤੂੰਬੀ ਦੀ ਤਾਰ 'ਤੇ ਗਾਉਣ ਲੱਗਾ। ਇੱਥੇ ਇਹ ਵੀ ਵਰਨਣਯੋਗ ਗੱਲ ਹੈ ਕਿ ਉਨੀਂ ਦਿਨੀਂ ਪਾਲ ਦੀ ਗਾਇਕੀ ਦੀ ਮੰਗ ਰੇਡੀਓ ਸਟੇਸ਼ਨ 'ਤੇ ਵੀ ਬਹੁਤ ਵਧ ਚੁੱਕੀ ਸੀ। ਚਾਹੇ ਜੇ. ਬੀ. ਟੀ. ਕਰਨ ਤੋਂ ਪਹਿਲਾਂ ਵੀ ਪਾਲ ਰੇਡੀਓ ਸਟੇਸ਼ਨ ਤੋਂ ਗਾਉਂਦਾ ਹੁੰਦਾ ਸੀ ਪ੍ਰੰਤੂ ਉਸ ਸਮੇਂ ਪਾਲ ਨੂੰ ਆਪਣੀ ਗਾਇਕੀ ਤੋਂ ਪੂਰੀ ਤਰ੍ਹਾਂ ਸੰਤੁਸ਼ਟੀ ਨਹੀਂ ਸੀ ਅਤੇ ਜਿਸ ਮੰਜ਼ਿਲ ਨੂੰ ਉਹ ਪ੍ਰਾਪਤ ਕਰਨਾ ਚਾਹੁੰਦਾ ਸੀ, ਉਹ ਉਸਨੂੰ ਹਾਲੇ ਕਾਫ਼ੀ ਦੂਰ ਦਿਖਾਈ ਦਿੰਦੀ ਸੀ। ਵੈਸੇ ਪਾਲ ਨੇ ਆਪਣੇ ਗੀਤ ਪੇਸ਼ ਕਰਨ ਲਈ ਰੇਡੀਓ ਸਟੇਸ਼ਨ ਨੂੰ ਆਪਣੀ ਪਹਿਲੀ ਚਿੱਠੀ 1960 ਵਿੱਚ ਪਾਈ ਸੀ, ਜਿਸ ਵਿੱਚ ਉਸਨੇ ਆਪਣੀਆਂ ਪ੍ਰਾਪਤੀਆਂ ਦਾ ਵਰਨਣ ਕਰਕੇ ਰੇਡੀਓ ਤੋਂ ਗਾਉਣ ਲਈ ਪ੍ਰਾਰਥਨਾ ਕੀਤੀ ਸੀ। ਸੋ ਉਸਦੀ ਪ੍ਰਤਿਭਾ ਨੂੰ ਸਵੀਕਾਰਿਆ ਗਿਆ ਅਤੇ ਉਹ ਰੇਡੀਓ ਤੋਂ ਲਗਾਤਾਰ ਸੁਣਾਈ ਦੇਣ ਲੱਗਿਆ। 1960 ਵਿੱਚ ਹੀ ਪਾਲ ਦੀ ਮੁਲਾਕਾਤ ਗੀਤਕਾਰ ਗੁਰਦੀਪ ਘੋਲੀਆ ਨਾਲ ਹੋਈ। ਹੌਲੀ-ਹੌਲੀ ਪਾਲ ਅਤੇ ਗੁਰਦੀਪ ਘੋਲੀਏ ਦੇ ਆਪਸ ਵਿੱਚ ਚੰਗੀ ਮਿੱਤਰਤਾ ਵਾਲੇ ਸੰਬੰਧ ਬਣ ਗਏ। ਇੱਕ ਦਿਨ ਗੁਰਦੀਪ ਘੋਲੀਏ ਨੇ ਪਾਲ ਨੂੰ ਕਿਹਾ, "ਯਾਰ ਪਾਲ, ਮੈਂ ਇੱਕ ਗੀਤ ਲਿਖਿਆ ਐ, 'ਬਿੰਦੋ ਪਾਣੀ ਖੂਹ ਤੋਂ ਭਰੇ' ਤੇ ਜੇ ਤੂੰ ਏਸਨੂੰ ਗਾਉਣਾ ਚਾਹਵੇਂ ਤਾਂ ਗਾ ਸਕਦੈਂ।" ਇਹ ਗੀਤ ਗੁਰਦੀਪ ਘੋਲੀਏ ਨੇ ਆਪਣੇ ਘਰ ਦੇ ਨੇੜਿਓਂ ਖੂਹੀ ਤੋਂ ਪਾਣੀ ਭਰਨ ਆਉਂਦੀ ਇੱਕ



ਮੁਟਿਆਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਸੀ। ਸੋ ਪਾਲ ਨੇ ਇਸ ਗੀਤ ਨੂੰ ਗਾਉਣ ਲਈ ਹਾਮੀ ਭਰ ਦਿੱਤੀ ਪ੍ਰੰਤੂ ਇਸ ਗੀਤ ਵਿਚਲਾ ਸ਼ਬਦ 'ਬਿੰਦੋ' ਉਚਾਰਨ ਸਮੇਂ ਜਚਦਾ ਨਾ ਹੋਣ ਕਰਕੇ ਇਸ ਗੀਤ ਦਾ ਨਾਂ 'ਪਾਲੀ ਪਾਣੀ ਖੂਹ ਤੋਂ ਭਰੇ' ਰੱਖਿਆ ਗਿਆ ਅਤੇ ਲਗਾਤਾਰ ਕਈ ਮਹੀਨੇ ਰਿਆਜ਼ ਕਰਨ ਤੋਂ ਬਾਅਦ ਜਦ ਇਹ ਗੀਤ ਰੇਡੀਓ ਸਟੇਸ਼ਨ ਤੋਂ ਪੇਸ਼ ਕੀਤਾ ਗਿਆ ਤਾਂ ਇਸ ਗੀਤ ਵਿੱਚ ਵਰਤੀ ਗਈ ਸ਼ੈਲੀ, ਅਲੰਕਾਰਾਂ ਅਤੇ ਪਾਲ ਦੇ ਗਾਉਣ ਦੇ ਅੰਦਾਜ਼ ਨੇ ਉਸਦੀ ਗੁੱਡੀ ਅਸਮਾਨੀਂ ਚੜ੍ਹਾ ਦਿੱਤੀ। ਹਰ ਬੱਚੇ-ਬੁੱਢੇ ਦੇ ਬੁੱਲ੍ਹਾਂ ਵਿੱਚੋਂ ਸਿਰਫ 'ਪਾਲੀ ਪਾਣੀ ਖੂਹ ਤੋਂ ਭਰੇ' ਗੀਤ ਹੀ ਫਰਕਦਾ ਹੁੰਦਾ ਸੀ। ਪਾਲ ਦੇ ਇਸ ਗੀਤ ਦੀ ਮਕਬੂਲੀਅਤ ਤੋਂ ਬਾਅਦ ਉਸਨੂੰ ਸੈਂਕੜੇ ਵਾਰ ਹੋਰ ਗੀਤ ਰੇਡੀਓ ਸਟੇਸ਼ਨ ਤੋਂ ਗਾਉਣ ਦਾ ਮੌਕਾ ਮਿਲਿਆ ਤੇ ਉਸਨੇ ਪੰਜਾਬੀ ਦੇ ਕਈ ਸਿਰਕੱਢ ਲੇਖਕਾਂ ਜਿਵੇਂ ਮਹਾਂਕਵੀ ਹਾਸ਼ਮ ਸ਼ਾਹ ਦੇ ਗੀਤ, ਸਾਧੂ ਸਦਾ ਰਾਮ ਦੇ ਕਿੱਸੇ, ਬਾਬਾ ਬੁੱਲੇ ਸ਼ਾਹ ਦੀਆਂ ਕਾਫ਼ੀਆਂ, ਸਾਧੂ ਈਸ਼ਰ ਦਾਸ ਦੀਆਂ ਕਾਫ਼ੀਆਂ, ਬਾਬੂ ਸਿੰਘ ਮਾਨ, ਜਨਾਬ ਦੀਪਕ ਜੈਤੋਈ, ਬਹਾਦਰ ਡਾਲਵੀ ਅਤੇ ਗੁਰਾਂਦਿੱਤਾ ਸਿੰਘ ਸੰਧੂ ਸੁੱਖਣਵਾਲਾ ਦੇ ਗੀਤ ਸਰੋਤਿਆਂ ਦੀ ਕਚਹਿਰੀ 'ਚ ਪੇਸ਼ ਕਰਕੇ ਆਪਣੀ ਗਾਇਕੀ ਦੀਆਂ ਮਿਸਾਲਾਂ ਆਪ ਦਿੱਤੀਆਂ।

ਗਾਇਕੀ ਦੇ ਇਸ ਸਫ਼ਰ ਨੂੰ ਤਹਿ ਕਰਦੇ ਹੋਏ 1965 ਵਿੱਚ ਪਾਲ ਦਾ ਵਿਆਹ ਸਰਦਾਰਨੀ ਗੁਰਤੇਜ ਕੌਰ ਵਾਸੀ ਫ਼ਰੀਦਕੋਟ ਨਾਲ ਹੋ ਗਿਆ। ਵਿਆਹੁਤਾ ਜੀਵਨ ਤੋਂ ਪਹਿਲਾਂ ਪਾਲ ਨੂੰ ਡਰ ਸੀ ਕਿ ਗ੍ਰਹਿਸਤੀ ਵਿੱਚ ਪ੍ਰਵੇਸ਼ ਕਰਕੇ ਕਿਤੇ ਉਹ ਆਪਣੀ ਗਾਇਕੀ ਦੇ ਇਸ ਪੰਧ ਤੋਂ ਖੁੰਝ ਨਾ ਜਾਵੇ ਪਰ ਜਿਵੇਂ ਕਿ ਆਮ ਕਿਹਾ ਜਾਂਦਾ ਹੈ ਕਿ ਜੇਕਰ ਆਦਮੀ ਨੂੰ ਚੰਗੀ ਹਮਸਫ਼ਰ ਮਿਲ ਜਾਵੇ ਤਾਂ ਇੱਕ ਤੇ ਇੱਕ ਗਿਆਰਾਂ ਵਾਲੀ ਕਹਾਵਤ ਸੱਚ ਹੋ ਜਾਂਦੀ ਹੈ। ਸੋ ਉਸੇ ਤਰ੍ਹਾਂ ਪਾਲ ਨੂੰ ਮਿਲੀ ਉਸਦੀ ਜੀਵਨ ਸਾਥਣ ਘਰੇਲੂ ਕੰਮਾਂ-ਕਾਜਾਂ ਨੂੰ ਬਾਖ਼ੂਬੀ ਨਿਪਟਾਉਣ ਦੇ ਨਾਲ-ਨਾਲ ਉਸਦੀ ਪ੍ਰਤਿਭਾ ਨੂੰ ਚਾਰ-ਚੰਨ ਲਗਾਉਣ ਵਿੱਚ ਵੀ ਸਹਾਈ ਸਿੱਧ ਹੋਈ। ਪਾਲ ਦੀ ਜੀਵਨ ਸਾਥਣ ਗੁਰਤੇਜ ਕੌਰ ਦੀ ਸੁਹਿਰਦਤਾ ਅਤੇ ਹਲੀਮੀ ਦੀ ਉਦਾਹਰਣ ਇੱਥੋਂ ਵੀ ਮਿਲਦੀ ਹੈ ਕਿ ਜਦ ਪਾਲ ਨੂੰ ਰਾਤ ਵੇਲੇ ਗਾਉਂਦਿਆਂ-ਗਾਉਂਦਿਆਂ ਦੋ-ਦੋ ਵੱਜ ਜਾਣੇ ਤਾਂ ਅੱਧੀ-ਅੱਧੀ ਰਾਤ ਨੂੰ ਉੱਠ ਕੇ ਉਸਨੇ ਪਾਲ ਨੂੰ ਚਾਹ ਪਾਣੀ ਲਿਆ ਕੇ ਦੇਣਾ ਅਤੇ ਜਦ ਪਾਲ ਕਿਸੇ ਮਜ਼ਬੂਰੀ ਕਾਰਨ ਜਾਂ ਕਿਸੇ ਹੋਰ ਪ੍ਰੇਸ਼ਾਨੀ ਕਾਰਨ ਉਦਾਸ ਜਿਹਾ ਹੋ ਕੇ ਸਿਰ ਸੁੱਟ ਕੇ ਬੈਠ ਜਾਂਦਾ ਤਾਂ ਉਹ ਕਹਿੰਦੀ, "ਹੀਰੇ ਦੀ ਕੀਮਤ ਹਮੇਸ਼ਾ ਹਨੇਰੇ ਵਿੱਚ ਹੀ ਪਤਾ ਲਗਦੀ ਐ, ਨਿਰਾਸ਼ ਹੋਣ ਨਾਲ ਕੁਝ ਨ੍ਹੀਂ ਪੱਲੇ ਪੈਣਾ, ਮੈਂ ਹਾਂ ਨਾ ਤੁਹਾਡੇ ਨਾਲ, ਤੁਹਾਡੀ ਸੱਜੀ ਬਾਂਹ।" ਸੋ ਜੀਵਨ ਸਾਥਣ ਦੇ ਵਡਮੁੱਲੇ ਸਹਿਯੋਗ ਨਾਲ ਪਾਲ ਦੀ ਗਾਇਕੀ 'ਚ ਪਹਿਲਾਂ ਤੋਂ ਵੀ ਵਧੇਰੇ ਨਿਖ਼ਾਰ ਆਉਂਦਾ ਗਿਆ ਤੇ ਉਸਨੂੰ ਵਿਦੇਸ਼ਾਂ ਵਿੱਚ

ਬੈਠੇ ਪੰਜਾਬ ਤੇ ਪੰਜਾਬੀਅਤ ਨਾਲ ਮੋਹ ਕਰਨ ਵਾਲੇ ਇਨਸਾਨ ਵੀ ਚਾਹੁਣ ਲੱਗੇ। ਸਮਾਂ ਪਾ ਕੇ ਪਾਲ ਦੇ ਘਰ ਦੋ ਲੜਕਿਆਂ ਰਵੀਤੇਜ ਸਿੰਘ ਤੇ ਨਵਦੀਪ ਸਿੰਘ ਤੇ ਇੱਕ ਲੜਕੀ ਨਵਜੋਤ ਕੌਰ ਨੇ ਜਨਮ ਲਿਆ, ਜੋ ਹੁਣ ਸ਼ਾਦੀ ਸ਼ੁਦਾ ਅਤੇ ਆਪੋ-ਆਪਣੇ ਕਾਰੋਬਾਰ ਚਲਾ ਰਹੇ ਹਨ।

ਰੇਡੀਓ ਤੋਂ ਗਾਉਣ ਕਾਰਨ ਪਾਲ ਨੂੰ ਕਈ ਕੈਸੇਟ ਕੰਪਨੀਆਂ ਦੇ ਬੁਲਾਵੇ ਵੀ ਆਉਣ ਲੱਗੇ, ਜੋ ਕਹਿੰਦੇ ਸਨ ਕਿ ਤੁਸੀਂ ਜਿੰਨੇ ਵਰ੍ਹਿਆਂ ਲਈ ਵੀ ਚਾਹੋ ਸਾਡੇ ਨਾਲ ਲਿਖਤ ਲਿਖਾ ਕਰ ਲਓ, ਪਰ ਸਾਡੀ ਕੰਪਨੀ ਲਈ ਗਾਉਣਾ ਸਵੀਕਾਰ ਕਰ ਲਓ। ਪਰ ਪਾਲ ਨੇ ਖੁਦ ਕਦੇ ਵੀ ਕਿਸੇ ਕੰਪਨੀ ਵੱਲੋਂ ਕੈਸੇਟ ਕਰਵਾਉਣ ਲਈ ਗੇੜੇ ਵਗੈਰਾ ਨਹੀਂ ਮਾਰੇ। ਪਾਲ ਨੇ ਪਹਿਲੋਂ ਪਹਿਲ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਕਿਸੇ ਦਿਨ ਉਹ ਵੀ ਆਪਣਾ ਕੋਈ ਗੀਤ ਟੀ. ਵੀ. ਤੋਂ ਪੇਸ਼ ਕਰੇਗਾ ਕਿਉਂਕਿ ਉਹ ਸੋਚਦਾ ਹੁੰਦਾ ਸੀ ਕਿ ਟੀ. ਵੀ. 'ਤੇ ਗੀਤ ਪੇਸ਼ ਕਰਨਾ ਤਾਂ ਕੇਵਲ ਵੱਡਿਆਂ ਗਾਇਕਾਂ ਦਾ ਹੀ ਕੰਮ ਹੈ ਤੇ ਪੈਸੇ-ਧੇਲੇ ਤੋਂ ਬਿਨਾਂ ਟੀ. ਵੀ. ਉੱਪਰ ਜਾਣ ਦਾ ਤਾਂ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਇਸ ਕਰਕੇ ਕਾਫ਼ੀ ਲੰਬੇ ਅਰਸੇ ਤੱਕ ਉਸਨੇ ਨਾ ਤਾਂ ਟੈਲੀਵੀਜ਼ਨ ਤੋਂ ਗੀਤ ਰਿਕਾਰਡ ਕਰਵਾਉਣ ਦੀ ਕੋਈ ਕੋਸ਼ਿਸ਼ ਕੀਤੀ ਅਤੇ ਨਾ ਹੀ ਇੱਥੋਂ ਗੀਤ ਪੇਸ਼ ਕਰਨ ਦਾ ਸੁਪਨਾ ਲਿਆ। ਪਰ ਇੱਕ ਵਾਰ ਪਾਲ ਜਦ ਅਮਰੀਕਾ ਵਿੱਚ ਪ੍ਰੋਗਰਾਮ ਪੇਸ਼ ਕਰਨ ਗਿਆ ਤਾਂ ਪ੍ਰੋਗਰਾਮ ਪੇਸ਼ ਕਰਨ ਵਾਲੇ ਸਥਾਨ 'ਤੇ ਕੁੱਝ ਪਾਕਿਸਤਾਨੋਂ ਆਏ ਸਰੋਤੇ ਵੀ ਤਸ਼ਰੀਫ਼ ਫ਼ਰਮਾ ਸਨ, ਜਿਨ੍ਹਾਂ ਨੂੰ ਪਾਲ ਦੀ ਗਾਇਕੀ ਨੇ ਅਤਿਅੰਤ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਪ੍ਰੋਗਰਾਮ ਖ਼ਤਮ ਹੋਣ ਤੋਂ ਬਾਅਦ ਪਾਲ ਦਾ ਪਤਾ ਤੇ ਟੈਲੀਫ਼ੋਨ ਨੰਬਰ ਲਿਆ ਅਤੇ ਕਦੇ ਨਾ ਕਦੇ ਪਾਕਿਸਤਾਨ 'ਚ ਵੀ ਪ੍ਰੋਗਰਾਮ ਪੇਸ਼ ਕਰਨ ਲਈ ਆਖਿਆ। ਅਮਰੀਕਾ ਤੋਂ ਵਾਪਸ ਆ ਕੇ ਉਨ੍ਹਾਂ ਪਾਕਿਸਤਾਨੀਆਂ ਨੇ ਜਲੰਧਰ ਦੂਰਦਰਸ਼ਨ ਨੂੰ ਚਿੱਠੀਆਂ ਪਾਈਆਂ ਕਿ ਕਿਸੇ ਨਾ ਕਿਸੇ ਰੰਗਾਰੰਗ ਪ੍ਰੋਗਰਾਮ ਵਿੱਚ ਪਾਲ ਦਾ ਗੀਤ "ਪਾਲੀ ਪਾਣੀ ਖੂਹ ਤੋਂ ਭਰੇ" ਪੇਸ਼ ਕੀਤਾ ਜਾਵੇ। ਉਸਤੋਂ ਬਾਅਦ ਪੰਜਾਬ ਅਤੇ ਹੋਰਨਾਂ ਕਈ ਥਾਵਾਂ ਤੋਂ ਸੈਂਕੜੇ ਪੱਤਰ ਜਲੰਧਰ ਦੂਰਦਰਸ਼ਨ ਨੂੰ ਪਾਲ ਦੇ ਇਸੇ ਗੀਤ ਦੀ ਫ਼ਰਮਾਇਸ਼ ਸੰਬੰਧੀ ਪ੍ਰਾਪਤ ਹੋਏ। ਸੋ ਜਲੰਧਰ ਦੂਰਦਰਸ਼ਨ ਵਾਲਿਆਂ ਨੇ ਪਾਲ ਦੁਆਰਾ ਗਾਏ ਇਸ ਗੀਤ ਦੀ ਫ਼ਰਮਾਇਸ਼ ਨੂੰ ਪੂਰਿਆਂ ਕੀਤਾ।

ਇੱਕ ਦਿਨ ਜਲੰਧਰ ਦੂਰਦਰਸ਼ਨ ਦੇ ਡਾਇਰੈਕਟਰ ਲਖਵਿੰਦਰ ਸਿੰਘ ਜੌਹਲ ਨੇ ਕਿਤੋਂ ਨਾ ਕਿਤੋਂ ਪਾਲ ਦਾ ਟੈਲੀਫ਼ੋਨ ਦਾ ਨੰਬਰ ਲੱਭ ਕੇ ਪਾਲ ਨੂੰ ਫ਼ੋਨ ਕੀਤਾ ਕਿ ਕਿਸੇ ਨਾ ਕਿਸੇ ਦਿਨ ਉਹ ਜਲੰਧਰ ਆ ਕੇ ਆਪਣੀ ਰਿਕਾਰਡਿੰਗ ਕਰਵਾ ਜਾਣ। ਸੋ ਇੱਕ ਦਿਨ ਪਾਲ ਜਲੰਧਰ ਦੂਰਦਰਸ਼ਨ ਜਾ ਕੇ ਆਪਣੇ ਇਸ ਗੀਤ ਦੀ ਰਿਕਾਰਡਿੰਗ ਕਰਵਾ ਆਇਆ।



ਜਦ ਇਹ ਗੀਤ ਜਲੰਧਰ ਦੂਰਦਰਸ਼ਨ ਤੋਂ ਪੇਸ਼ ਕੀਤਾ ਗਿਆ ਤਾਂ ਇਸ ਗੀਤ ਨੇ ਪਾਲ ਦੀ ਮਹਿਮਾ ਵਿਦੇਸ਼ਾਂ ਵਿੱਚ ਵੀ ਪ੍ਰਫੁੱਲਿਤ ਕਰ ਦਿੱਤੀ। ਉਸਤੋਂ ਬਾਅਦ ਪਾਲ ਦੇ ਜਲੰਧਰ ਦੂਰਦਰਸ਼ਨ ਤੋਂ ਹੋਰ ਵੀ ਕਈ ਗੀਤ ਆਏ, ਜੋ ਪਾਲ ਦਾ ਨਾਂ ਹੋਰ ਵੀ ਵਧੇਰੇ ਚਮਕਾਉਣ ਲਈ ਯਤਨਸ਼ੀਲ ਸਿੱਧ ਹੋਏ। ਟੈਲੀਵੀਜ਼ਨ 'ਤੇ ਰਿਕਾਰਡ ਹੋਏ ਗੀਤਾਂ ਕਾਰਨ ਪਾਲ ਨੂੰ ਅਨੇਕਾਂ ਪ੍ਰਮੋਟਰਾਂ ਨੇ ਵਿਦੇਸ਼ਾਂ ਵਿੱਚ ਪ੍ਰੋਗਰਾਮ ਪੇਸ਼ ਕਰਨ ਲਈ ਪੇਸ਼ਕਸ਼ਾਂ ਕੀਤੀਆਂ ਤੇ ਪਾਲ ਨੇ ਅਨੇਕਾਂ ਵਾਰ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੇ ਪ੍ਰੋਗਰਾਮ ਪੇਸ਼ ਕੀਤੇ, ਜੋ ਵਿਦੇਸ਼ਾਂ ਵਿੱਚ ਵਸੇ ਪੰਜਾਬੀ ਲੋਕਾਂ ਨੇ ਅਤਿਅੰਤ ਪਸੰਦ ਕੀਤੇ ਅਤੇ ਜਿਨ੍ਹਾਂ ਵਿੱਚੋਂ ਅੱਜ ਵੀ ਅਨੇਕਾਂ ਗੀਤ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਹਨ।

# ਕੈਸੇਟ ਕਲਚਰ ਵਿੱਚ ਪ੍ਰਵੇਸ਼

ਚਾਹੇ ਪਾਲ ਨੂੰ 1970 ਤੱਕ ਗਾਉਂਦਿਆਂ ਕਰੀਬ ਦੋ ਦਹਾਕਿਆਂ ਦਾ ਸਮਾਂ ਹੋ ਚੁੱਕਿਆ ਸੀ ਅਤੇ ਉਸਦੇ ਅਨੇਕਾਂ ਤਵਿਆਂ ਵਾਲੇ ਗੀਤ 'ਵਰਮਾ ਗ੍ਰਾਮੋਫ਼ੋਨ ਕੰਪਨੀ' ਅਤੇ 'ਐਚ. ਐਮ. ਵੀ. ਕੰਪਨੀ' ਵੱਲੋਂ ਰਿਕਾਰਡ ਹੋ ਚੁੱਕੇ ਸਨ ਪ੍ਰੰਤੂ ਫਿਰ ਵੀ ਉਸਨੇ ਕਦੀ ਸਟੇਜਾਂ 'ਤੇ ਗਾਉਣ ਤੋਂ ਬਿਨਾਂ ਕੋਈ ਕੈਸੇਟ ਰਿਕਾਰਡ ਕਰਵਾਉਣ ਜਾਂ ਆਮ ਕੈਸੇਟ ਕਲਚਰ ਬਾਰੇ ਨਹੀਂ ਸੋਚਿਆ ਸੀ। ਜੇਕਰ ਪਾਲ ਨੂੰ ਉਸਦਾ ਕੋਈ ਸੱਜਣ-ਮਿੱਤਰ ਕਹਿ ਵੀ ਦਿੰਦਾ ਕਿ ਯਾਰ ਤੂੰ ਅੱਜ ਦੇ ਸਮੇਂ ਵਾਂਗ ਆਪਣੀ ਕੋਈ ਕੈਸੇਟ ਕਿਉਂ ਨਹੀਂ ਕਰਵਾਉਂਦਾ ਤਾਂ ਪਾਲ ਕਹਿੰਦਾ, "ਯਾਰ, ਮੈਥੋਂ ਕਿਸੇ ਦੇ ਪਿੱਛੇ ਜੁੱਤੀਆਂ ਨ੍ਹੀਂ ਤੁੜਵਾਈਆਂ ਜਾਂਦੀਆਂ, ਭੱਜਿਆ-ਭੱਜਿਆ ਜਾਹ ਤੇ ਕਰਮਾਂ ਦਾ ਖੱਟਿਆ ਖਾਹ, ਜੇ ਕਿਸੇ ਨੂੰ ਮੇਰੀ ਲੋੜ ਹੋਈ ਤਾਂ ਆਪੇ ਬੁਲਾ ਲਊ ਰਿਕਾਰਡਿੰਗ ਵਾਸਤੇ।" ਸੋ ਪਾਲ ਨੇ ਪਹਿਲੋ ਪਹਿਲ ਤਾਂ ਕਦੀ ਵੀ ਕਿਸੇ ਰਿਕਾਰਡਿੰਗ ਕੰਪਨੀ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਨਾ ਕੀਤੀ। ਪ੍ਰੰਤੂ ਜਦ ਪਾਲ ਦੀ ਪਹਿਲੀ ਕੈਸੇਟ ਨੂੰ ਲੋਕਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਤਾਂ ਉਸਨੇ ਕਾਫ਼ੀ ਕੈਸੇਟਾਂ ਪੰਜਾਬੀ ਸਰੋਤਿਆਂ ਦੀ ਝੋਲੀ ਪਾਈਆਂ। ਇੱਥੇ ਇਹ ਗੱਲ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਪਾਲ ਨੂੰ ਗਾਇਕੀ ਪ੍ਰਤੀ ਲਗਾਤਾਰ ਪ੍ਰੇਰਿਤ ਰੱਖਣ ਲਈ ਜਿੰਨਾਂ ਯੋਗਦਾਨ ਉਸਦੇ ਦੋਸਤਾਂ ਸੁਖਮੰਦਰ ਸਿੰਘ ਡੋਡ, ਗੁਰਪਾਲ ਸਿੰਘ ਚੋਟੀਆਂ, ਪ੍ਰੀਤਮ ਸਿੰਘ ਬਰਾੜ, ਡਾ. ਬਲਵੰਤ ਸਿੰਘ, ਭਰਪੂਰ ਸਿੰਘ, ਰਣਜੀਤ ਸਿੰਘ ਵਿਰਕ ਅਤੇ ਦਿਲਬਾਗ ਸਿੰਘ ਗਿੱਲ ਨੇ ਦਿੱਤਾ, ਉਨ੍ਹਾਂ ਯੋਗਦਾਨ ਸ਼ਾਇਦ ਮਾਪੇ ਵੀ ਆਪਣੇ ਪੁੱਤਾਂ-ਧੀਆਂ ਨੂੰ ਕਿਸੇ ਖੇਤਰ ਵਿੱਚ ਕਾਮਯਾਬ ਕਰਨ ਲਈ ਨਹੀਂ ਅਦਾ ਕਰ ਸਕਦੇ।

ਇੱਕ ਵਾਰ ਪਾਲ 1959 ਵਿੱਚ ਇੱਕ ਸਟੇਜੀ ਪ੍ਰੋਗਰਾਮ ਕਰ ਰਿਹਾ ਸੀ ਤਾਂ 'ਵਰਮਾ ਗ੍ਰਾਮੋਫੋਨ ਕੰਪਨੀ' ਮੋਗਾ ਦੇ ਮਾਲਿਕ ਨੇ ਪਾਲ ਨੂੰ ਆਪਣੀ ਕੰਪਨੀ 'ਚ ਗੀਤ ਰਿਕਾਰਡ ਕਰਵਾਉਣ ਲਈ ਕਿਹਾ। ਉਨੀਂ ਦਿਨੀਂ ਤਵਿਆਂ ਵਾਲੇ ਪੱਥਰ ਦੇ ਰਿਕਾਰਡ ਚਲਦੇ ਹੁੰਦੇ ਸਨ। ਸੋ ਪਾਲ ਨੇ 'ਵਰਮਾ ਗ੍ਰਾਮੋਫੋਨ ਕੰਪਨੀ' 'ਚ ਆਪਣੇ ਕਈ ਗੀਤ ਰਿਕਾਰਡ ਕਰਵਾਏ, ਜਿੰਨਾਂ ਵਿੱਚੋਂ "ਨੀਂ ਭਾਬੀ ਮੈਥੋਂ ਘੁੰਡ ਛੱਡ ਦੇ, ਕਿਉਂ ਘੋਲ ਕੇ ਬੇਸ਼ਰਮੀ ਪੀਤੀ" (ਗੁਰਦੀਪ ਘੋਲੀਆ), ਬਾਲਮਾਂ ਸੌਂ ਜਾਵਾਂ, ਮੇਰੀਆਂ ਅੱਖੀਆਂ 'ਚ ਨੀਂਦਰ ਰੜਕੇ" (ਜਨਾਬ ਦੀਪਕ ਜੈਤੋਈ), ਅਤੇ 'ਮੁੰਦਰੀ ਘੜ ਦੇ ਵੇ ਸੁਨਿਆਰਿਆ" (ਡਾ. ਜਗਤਾਰ) ਦੇ ਲਿਖੇ ਹੋਏ ਗੀਤਾਂ



ਦੇ ਨਾਂ ਪ੍ਰਮੁੱਖ ਤੌਰ 'ਤੇ ਵਰਨਣਯੋਗ ਹਨ। ਪਾਲ ਦੀ ਗਾਇਕੀ ਦੇ ਵਿਲੱਖਣ ਅੰਦਾਜ਼ ਅਤੇ ਲੋਕਾਂ ਵੱਲੋਂ ਉਸਦੇ ਪਸੰਦ ਕੀਤੇ ਜਾਣ ਕਾਰਨ 'ਐਚ. ਐਮ. ਵੀ. ਕੰਪਨੀ' ਨੇ ਪਾਲ ਨੂੰ ਆਪਣੀ ਕੰਪਨੀ ਲਈ ਗੀਤਾਂ ਦੀ ਰਿਕਾਰਡਿੰਗ ਕਰਵਾਉਣ ਲਈ ਕਿਹਾ। ਸੋ ਪਾਲ ਨੇ ਉਸਤੋਂ ਬਾਅਦ 'ਐਚ. ਐਮ. ਵੀ. ਕੈਸੇਟ ਕੰਪਨੀ' ਵਿੱਚ ਵੀ ਕਈ ਗੀਤ ਰਿਕਾਰਡ ਕਰਵਾਏ। ਜਿੰਨ੍ਹਾਂ ਵਿੱਚੋਂ, "ਦਾਤੇ ਦੀਆਂ ਬੇਪ੍ਰਵਾਹੀਆਂ ਤੋਂ ਤੂੰ ਲਾਪ੍ਰਵਾਹਾ ਡਰਿਆ ਕਰ" (ਨੰਦ ਲਾਲ ਨੂਰਪੁਰੀ), "ਨਾਮਦੇਵ ਨੂੰ ਗੁਆਂਢਣ ਪੁੱਛਦੀ, ਕਿੱਥੋਂ ਤੈਂ ਬਣਾਈ ਛੱਪਰੀ" (ਸੰਪੂਰਨ ਸਿੰਘ ਝੱਲਾ), "ਸਾਰੇ ਸਿੰਘ ਸੀ ਦਸਮੇਸ਼ ਦੇ ਚਾਲੀ" (ਸੰਪੂਰਨ ਸਿੰਘ ਝੱਲਾ), ਅਤੇ "ਆ ਸਿੰਘਾ ਦਸਮੇਸ਼ ਦਿਆ ਤੈਨੂੰ ਤੇਰੀ ਸ਼ਾਨ ਦਿਖਾਵਾਂ" (ਚਮਨ ਲਾਲ ਸ਼ੁਗਲ) ਦੁਆਰਾ ਰਚਿਤ ਗੀਤਾਂ ਦਾ ਵਰਨਣ ਕੀਤਾ ਜਾ ਸਕਦਾ ਹੈ।

ਸੋ ਪਾਲ ਦੁਆਰਾ ਰਿਕਾਰਡ ਕਰਵਾਏ ਗਏ ਇਨ੍ਹਾਂ ਗੀਤਾਂ ਨੇ ਪਾਲ ਨੂੰ ਜਿੱਥੇ ਇੱਕ ਵਿਲੱਖਣ ਅਤੇ ਮਿਆਰੀ ਗਾਇਕ ਦਾ ਰੁਤਬਾ ਦਿਵਾਇਆ, ਉੱਥੇ ਇਨ੍ਹਾਂ ਗੀਤਾਂ ਦੀ ਬਦੌਲਤ ਉਸਦੀ ਗਾਇਕੀ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਕੇ ਵੀ ਬੋਲਣ ਲੱਗਾ। ਹਰ ਵਿਆਹ-ਸ਼ਾਦੀ 'ਤੇ ਪਾਲ ਦੁਆਰਾ ਗਾਏ ਇਨ੍ਹਾਂ ਤਵਿਆਂ ਵਾਲੇ ਗੀਤਾਂ ਦੇ ਬੋਲ ਸੁਣਾਈ ਦੇਣ ਲੱਗੇ। ਪਿੰਡਾਂ 'ਚ ਜਿੱਥੇ ਵੀ ਚਾਰ ਬੰਦੇ ਖੜ੍ਹਦੇ, ਉੱਥੇ ਪਾਲ ਦੀ ਗਾਇਕੀ ਦੀਆਂ ਗੱਲਾਂ ਜ਼ਰੂਰ ਛਿੜਦੀਆਂ। ਲੋਕ ਕਹਿੰਦੇ, "ਬਈ ਧੰਨ ਐ ਪਾਲ ਦੀ ਮਾਂ, ਜੀਹਨੇ ਪੰਜਾਬੀ ਗਾਇਕੀ ਦੇ ਵੇਹੜੇ 'ਚ ਸੂਰਮਾ ਪੁੱਤ ਭੇਜਿਆ ਐ, 'ਕੱਲਾ-'ਕੱਲਾ ਸ਼ਬਦ ਕੰਨਾਂ 'ਚ ਖੰਡ ਮਿਸ਼ਰੀ ਘੋਲਦੈ।"

ਸਮੇਂ ਦੇ ਬਦਲਾਓ ਨਾਲ ਕੁੱਝ ਦੇਰ ਬਾਅਦ ਤਵਿਆਂ ਵਾਲੇ ਗੀਤਾਂ ਵੱਲੋਂ ਲੋਕਾਂ ਦਾ ਰੁਝਾਨ ਘਟਣ ਲੱਗਾ ਤੇ ਲੋਕ ਕੈਸੇਟਾਂ ਵੱਲ ਵਧੇਰੇ ਆਕਰਸ਼ਿਤ ਹੋਣ ਲੱਗੇ। ਤਵਿਆਂ ਦੀ ਘਟਦੀ ਸਾਰ ਨੂੰ ਭਾਂਪਦਿਆਂ ਉਨੀਂ ਦਿਨੀਂ ਸਾਰੇ ਕਲਾਕਾਰਾਂ ਦਾ ਰੁਖ ਕੈਸੇਟ ਕਲਚਰ ਵੱਲ ਵਧੇਰੇ ਹੋ ਗਿਆ। ਉਸ ਸਮੇਂ ਕੁਝ ਚੋਣਵੀਆਂ ਕੈਸੇਟ ਕੰਪਨੀਆਂ ਹੀ ਚਲਦੀਆਂ ਹੁੰਦੀਆਂ ਸਨ ਤੇ ਉਹ ਵੀ ਕੇਵਲ ਚੰਗੇ ਚੰਗੇ ਅਤੇ ਨਾਮਵਰ ਗਾਇਕਾਂ ਦੀਆਂ ਕੈਸੇਟਾਂ ਰਿਕਾਰਡ ਕਰਨ ਨੂੰ ਹੀ ਤਰਜ਼ੀਹ ਦਿੰਦੀਆਂ ਸਨ, ਨਾ ਕਿ ਅੱਜ ਕੱਲ ਵਾਂਗ ਜਣੇ-ਖਣੇ ਨੂੰ। ਸੋ ਪਾਲ ਦੁਆਰਾ ਗਾਏ ਹੋਏ ਗੀਤਾਂ ਦੀ ਸਭ ਤੋਂ ਪਹਿਲੀ ਕੈਸੇਟ ਆਰ. ਕੇ. ਗੁਪਤਾ ਵੱਲੋਂ ਆਪਣੀ ਲੁਧਿਆਣੇ ਵਿਖੇ ਸਥਿਤ 'ਕੈਪੀਟਲ' ਕੰਪਨੀ ਵਲੋਂ ਰਿਕਾਰਡ ਕੀਤੀ ਗਈ। ਇਸ ਕੈਸੇਟ ਦਾ ਟਾਈਟਲ ਨਾਂ 'ਪਾਲੀ ਪਾਣੀ ਖੂਹ ਤੋਂ ਭਰੇ' ਰੱਖਿਆ ਗਿਆ। ਪਾਲ ਦੀ ਇਸ ਕੈਸੇਟ ਨੇ ਰਿਕਾਰਡ ਤੋੜ ਸਫ਼ਲਤਾ ਪ੍ਰਾਪਤ ਕੀਤੀ। ਇਸ ਕੈਸੇਟ ਵਿੱਚ ਕੁੱਲ ਅੱਠ ਗੀਤ 'ਪਾਲੀ ਪਾਣੀ ਖੂਹ ਤੋਂ ਭਰੇ', 'ਤੇਰਾ ਰੂਪ ਏ ਨੀਂ ਸੱਜਰੀ ਸਵੇਰ', 'ਮੁੰਦਰੀ ਘੜ ਦੇ ਵੇ ਸੁਨਿਆਰਿਆ', 'ਮੈਨੂੰ ਲੂਣਾਂ ਲੂਣਾਂ ਕਹਿ ਕੇ', 'ਅਜੇ ਵੀ ਨੀਂ ਭੁੱਲੀ ਤੇਰੀ ਯਾਦ ਆਉਂਦੀ ਰਹਿੰਦੀ ਐ', 'ਬਾਲਮਾਂ ਸੌਂ ਜਾਵਾਂ',

'ਇਹ ਦੁਨੀਆਂ ਪੁੱਤਰ ਪੈਸੇ ਦੀ' ਅਤੇ 'ਬੂਟਾ ਅੰਬੀ ਦਾ' ਸਨ। ਇਸ ਕੈਸੇਟ ਨੂੰ ਸੰਗੀਤਬੱਧ ਕੀਤਾ ਸੀ ਅਮਰਦੀਪ ਭੰਡਾਲ ਨੇ। ਉਸਤੋਂ ਕੁਝ ਦੇਰ ਬਾਅਦ ਪਾਲ ਦੀ ਅਗਲੀ ਕੈਸੇਟ 'ਦੁਨੀਆਂ ਨੱਚੀ ਜਾਂਦੀ ਐ' ਵੀ 'ਕੈਪੀਟਲ ਕੰਪਨੀ' ਨੇ ਹੀ ਰਿਕਾਰਡ ਕੀਤੀ। ਇਸ ਕੈਸੇਟ ਨੇ ਵੀ ਕਾਫੀ ਮਕਬੂਲੀਅਤ ਹਾਸਿਲ ਕੀਤੀ। ਇਸ ਕੈਸੇਟ ਦੇ ਗੀਤ ਗੁਰਾਂਦਿੱਤਾ ਸਿੰਘ ਸੰਧੂ ਸੁੱਖਣਵਾਲਾ, ਗੁਰਦੀਪ ਘੋਲੀਆ, ਬਾਬੂ ਸਿੰਘ ਮਾਨ, ਕੇਵਲ ਸਿੰਘ ਗਿੱਲ ਅਤੇ ਜਨਾਬ ਦੀਪਕ ਜੈਤੋਈ ਜੀ ਨੇ ਲਿਖੇ ਸਨ ਅਤੇ ਇਸ ਕੈਸੇਟ ਨੂੰ ਸੰਗੀਤਬੱਧ ਵਿਲਸਨ ਨੇ ਕੀਤਾ ਸੀ।

ਉਸਤੋਂ ਕੁਝ ਦੇਰ ਬਾਅਦ ਪਾਲ ਨੇ ਆਪਣੀ ਹੀ ਇੱਕ ਰਿਕਾਰਡਿੰਗ ਕੰਪਨੀ ਦੀ ਸਥਾਪਨਾ ਕੀਤੀ, ਜਿਸਦਾ ਨਾਂ ਉਸਨੇ 'ਰਵੀ ਰਿਕਾਰਡਿੰਗ ਕੰਪਨੀ' ਰੱਖਿਆ। ਇਸ ਕੰਪਨੀ ਰਾਹੀਂ ਪਾਲ ਨੇ ਆਪਣੀ ਪਹਿਲੀ ਧਾਰਮਿਕ ਕੈਸੇਟ 'ਸਿੱਖੀ ਖੰਡਿਓਂ ਤਿੱਖੀ' ਕੱਢੀ। ਇਸ ਕੈਸੇਟ ਕੰਪਨੀ ਦਾ ਨਾਂ 'ਰਵੀ ਰਿਕਾਰਡਿੰਗ ਕੰਪਨੀ' ਪਾਲ ਨੇ ਆਪਣੇ ਵੱਡੇ ਲੜਕੇ ਰਵੀਤੇਜ ਸਿੰਘ ਦੇ ਨਾਂ 'ਤੇ ਰੱਖਿਆ ਸੀ। ਇਸ ਕੈਸੇਟ ਵਿੱਚ ਕੁੱਲ 14 ਧਾਰਮਿਕ ਗੀਤ ਦਰਜ ਸਨ। ਸਮੁੱਚੇ ਰੂਪ ਵਿੱਚ ਇਹ ਕੈਸੇਟ ਵੀ ਪਾਲ ਦੇ ਅੱਗੇ ਵਧਣ ਵਿੱਚ ਸਹਾਈ ਸਿੱਧ ਹੋਈ।

1994 ਵਿੱਚ ਪਾਲ ਨੇ ਆਪਣੀ 'ਰਵੀ ਰਿਕਾਰਡਿੰਗ ਕੰਪਨੀ' ਦਾ ਨਾਂ ਬਦਲ ਕੇ 'ਪਾਲ ਰਿਕਾਰਡਿੰਗ ਕੰਪਨੀ' ਰੱਖ ਲਿਆ ਅਤੇ ਆਪਣੀਆਂ ਕਈ ਕੈਸੇਟਾਂ ਇਸੇ ਕੰਪਨੀ ਦੇ ਬੈਨਰ ਹੇਠ ਕੱਢੀਆਂ। ਚਾਹੇ ਪਾਲ ਨੇ ਧਾਰਮਿਕ ਗਾਇਕੀ ਦਾ ਕੰਮ ਤਵਿਆਂ ਵਾਲੇ ਗੀਤਾਂ ਦੀ ਰਿਕਾਰਡਿੰਗ ਤੋਂ ਹੀ ਸ਼ੁਰੂ ਕਰ ਲਿਆ ਸੀ ਪ੍ਰੰਤੂ ਉਸਨੇ ਆਪਣੀ ਪਹਿਲੀ ਧਾਰਮਿਕ ਕੈਸੇਟ 'ਸਿੱਖੀ ਖੰਡਿਓਂ ਤਿੱਖੀ' ਹੀ ਕੱਢੀ ਸੀ। ਇਸ ਕੈਸੇਟ ਤੋਂ ਪਹਿਲਾਂ ਪਾਲ ਜਿੱਥੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਹੀ ਸ਼ਾਨ ਸਮਝਿਆ ਜਾਂਦਾ ਸੀ, ਉੱਥੇ ਇਸ ਕੈਸੇਟ ਨਾਲ ਉਹ ਧਾਰਮਿਕ ਪ੍ਰੋਗਰਾਮਾਂ ਦੀ ਸ਼ਾਨ ਵੀ ਸਮਝਿਆ ਜਾਣ ਲੱਗਾ ਅਤੇ ਮਾਲਵੇ ਦੇ ਕਰੀਬ ਹਰ ਧਾਰਮਿਕ ਪ੍ਰੋਗਰਾਮ ਵਿੱਚ ਉਹ ਸ਼ਿਰਕਤ ਕਰਨ ਲੱਗਾ। ਇਸ ਕੈਸੇਟ ਵਿੱਚ ਦਰਜ਼ ਗੀਤ 'ਸਿੱਖੀ ਦਾ ਬੂਟਾ' ਉਸ ਸਮੇਂ ਬੇਹੱਦ ਮਕਬੂਲ ਹੋਇਆ ਤੇ ਇਸ ਗੀਤ ਦੀ ਮਕਬੂਲੀਅਤ ਦੀ ਉਦਾਹਰਣ ਇੱਥੋਂ ਵੀ ਮਿਲਦੀ ਹੈ ਕਿ ਅੱਜ ਵੀ ਪਾਲ ਜਦ ਸਟੇਜਾਂ ਉੱਪਰ ਜਾਂਦਾ ਤਾਂ ਲੋਕ ਇਹ ਗੀਤ ਸੁਣਨ ਦੀ ਫਰਮਾਇਸ਼ ਜਰੂਰ ਕਰਦੇ ਹਨ।

'ਸਿੱਖੀ ਖੰਡਿਓਂ ਤਿੱਖੀ' ਕੈਸੇਟ ਤੋਂ ਬਾਅਦ ਪਾਲ ਨੇ ਜਸਵਿੰਦਰ ਬਰਾੜ ਨਾਲ ਦੁਬਾਰਾ ਗਾਉਣਾ ਸ਼ੁਰੂ ਕਰ ਦਿੱਤਾ। 'ਪਾਲ ਰਿਕਾਰਡਿੰਗ ਕੰਪਨੀ' ਦੇ ਬੈਨਰ ਹੇਠ ਪਾਲ ਤੇ ਜਸਵਿੰਦਰ ਬਰਾੜ ਨੇ ਆਪਣੀ ਇੱਕ ਸਰਬਸਾਂਝੀ ਕੈਸੇਟ 'ਤੇਰੀ ਤੋਰ ਮਸਤਾਨੀ' ਕੱਢੀ। ਇਸ ਕੈਸੇਟ ਦੇ ਸੰਬੰਧ ਵਿੱਚ ਚਾਹੇ ਅਨੇਕਾਂ ਲੋਕਾਂ ਵੱਲੋਂ ਇਹ ਮੰਨਿਆ ਜਾਂਦਾ ਹੈ ਕਿ ਇਸ ਕੈਸੇਟ ਵਿੱਚ ਪਾਲ



ਅਤੇ ਜਸਵਿੰਦਰ ਬਰਾੜ ਨੇ ਦੋਗਾਣੇ ਗਾਏ ਸਨ ਪ੍ਰੰਤੂ ਇਸ ਕੈਸੇਟ ਵਿੱਚ ਪਾਲ ਤੇ ਜਸਵਿੰਦਰ ਨੇ ਅਲੱਗ ਅਲੱਗ ਗੀਤ ਗਾਏ ਸਨ, ਨਾ ਕਿ ਦੋਗਾਣੇ। ਇਸ ਕੈਸੇਟ ਦੇ ਸੰਗੀਤਕਾਰ ਐਸ. ਬਲਵੀਰ ਸਨ ਅਤੇ ਇਸਦੇ ਕੰਪੋਜ਼ਰ ਜਸਵੰਤ ਸਿੰਘ ਭੰਵਰਾ ਤੇ ਸ. ਗੁਰਚਰਨ ਸਿੰਘ ਥਿੰਦ ਜੀ ਸਨ। ਇਸ ਕੈਸੇਟ ਵਿੱਚ ਕੁੱਲ ਅੱਠ ਗੀਤ 'ਨੀਂ ਭਾਬੋ ਆ ਦੋਵੇਂ', 'ਤੇਰਾ ਰੂਪ ਏ ਨੀਂ ਸੱਜਰੀ ਸਵੇਰ ਦਾ', 'ਸੱਜਣਾ ਵੇ ਤੇਰੇ ਬਾਝੋਂ', 'ਛੱਡਦੀ ਨ੍ਹੀਂ ਜਿਉਣ ਜੋਗਾ', 'ਦੁੱਖ ਤੇ ਜੁਦਾਈਆਂ', 'ਸਬਰ ਕਰੋ ਜਾਂ ਰੋ ਲਓ ਅੱਖੀਓ', 'ਹੁਣ ਕੀ ਤੂੰ ਰੱਬ ਹੋ ਗਈ' ਅਤੇ 'ਨਿਸ਼ਾਨੀ ਸੋਹਣੇ ਯਾਰ ਦੀ' ਸਨ ਅਤੇ ਇਨ੍ਹਾਂ ਗੀਤਾਂ ਦੇ ਲੇਖਕ ਬਹਾਦਰ ਡਾਲਵੀ, ਸ਼ੇਰ ਜੰਗ ਕਨੇਚਵੀ, ਜਸਵਿੰਦਰ ਗੁੱਡੂ, ਕਰਮ ਸਿੰਘ ਭੱਟੀ, ਕਿਰਪਾਲ ਸਿੰਘ ਮਾਅਣਾ, ਸੋਹਣ ਸਿੰਘ ਬਰਾੜ ਅਤੇ ਬਲਵਿੰਦਰ ਗਿੱਲ (ਬਠਿੰਡਾ) ਸਨ। ਇਹ ਕੈਸੇਟ ਮਾਰਕੀਟ ਵਿੱਚ ਕਾਫ਼ੀ ਚੱਲੀ ਅਤੇ ਪਾਲ ਦੀ ਗਾਇਕੀ ਨੂੰ ਸਥਾਈ ਨਿਯੰਤਰਨ ਬਖਸ਼ਣ ਵਿੱਚ ਕਾਮਯਾਬ ਸਿੱਧ ਹੋਈ।

ਇਸ ਕੈਸੇਟ ਤੋਂ ਕੁਝ ਦੇਰ ਬਾਅਦ ਪਾਲ ਨੇ ਆਪਣਾ ਰੁਖ ਫਿਰ ਧਾਰਮਿਕ ਗੀਤਾਂ ਵੱਲ ਕੀਤਾ। 'ਪਾਲ ਰਿਕਾਰਡਿੰਗ ਕੰਪਨੀ' ਵਲੋਂ ਹੀ ਪਾਲ ਨੇ ਕੁਝ ਦੇਰ ਬਾਅਦ ਧਾਰਮਿਕ ਗੀਤਾਂ ਦੀ ਇੱਕ ਹੋਰ ਕੈਸੇਟ 'ਦਸਵੇਂ ਗੁਰਾਂ ਦੀ ਜਿੰਦ ਜਾਨ ਖਾਲਸਾ' ਕੱਢੀ। ਇਸ ਕੈਸੇਟ ਨੇ ਵੀ ਪਾਲ ਦੀ ਪ੍ਰਤਿਭਾ ਨੂੰ ਸ਼ਿੰਗਾਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ। ਇਸ ਕੈਸੇਟ ਵਿੱਚ ਪਾਲ ਨੇ ਕੁੱਲ 14 ਗੀਤ ਦਰਜ ਕੀਤੇ। ਜਦ ਇਹ ਕੈਸੇਟ ਮਾਰਕੀਟ ਵਿੱਚ ਆਈ ਤਾਂ ਪਾਲ ਦਾ ਨਾਂ ਪਹਿਲਾਂ ਵਾਂਗ ਹੀ ਧਾਰਮਿਕ ਸਮਾਗਮਾਂ ਵਿੱਚ ਫਿਰ ਤੋਂ ਚਮਕ ਪਿਆ। ਇਸ ਕੈਸੇਟ ਦੇ ਗੀਤ ਜਨਾਬ ਦੀਪਕ ਜੈਤੋਈ, ਨੰਦ ਲਾਲ ਨੂਰਪੁਰੀ, ਪ੍ਰੋ: ਮੋਹਨ ਸਿੰਘ, ਬਿਸਮਿਲ ਫ਼ਰੀਦਕੋਟੀ, ਸੁਰਜੀਤ ਸਿੰਘ ਮਰਜਾਰਾ, ਗੁਰਦਿੱਤ ਸਿੰਘ ਕੁੰਦਨ, ਰਵੀਤੇਜ ਸਿੰਘ ਰਵੀ, ਸੰਪੂਰਨ ਸਿੰਘ ਝੱਲਾ ਅਤੇ ਕਰਮ ਸਿੰਘ ਯੋਗੀ ਨੇ ਲਿਖੇ ਸਨ। ਇਸ ਕੈਸੇਟ ਵਿੱਚ ਦਰਜ 'ਦਸਵੇਂ ਗੁਰਾਂ ਦੀ ਜਿੰਦ ਜਾਨ ਖਾਲਸਾ' ਅਤੇ 'ਲੱਭ ਲੈਂਦੇ ਨੇ ਖੋਜੀ ਹੋ ਕੇ ਕਾਫ਼ਿਰ ਅੰਤ ਟਿਕਾਣਾ' ਗੀਤ ਉਸ ਸਮੇਂ ਇੰਨੇ ਮਕਬੂਲ ਹੋਏ ਕਿ ਪਾਲ ਤੋਂ ਲਗਭਗ ਹਰ ਸਟੇਜ ਤੇ ਦੋ-ਦੋ, ਤਿੰਨ-ਤਿੰਨ ਵਾਰ ਲੋਕ ਇਹੀ ਗੀਤ ਸੁਣਨ ਦੀਆਂ ਫ਼ਰਮਾਇਸ਼ਾਂ ਕਰਦੇ।

'ਦਸਵੇਂ ਗੁਰਾਂ ਦੀ ਜਿੰਦ ਜਾਨ ਖਾਲਸਾ' ਕੈਸੇਟ ਦੀ ਸਫ਼ਲਤਾ ਤੋਂ ਬਾਅਦ ਪਾਲ ਨੇ 'ਪਾਲ ਰਿਕਾਰਡਿੰਗ ਕੰਪਨੀ' ਦੇ ਬੈਨਰ ਹੇਠ ਇੱਕ ਹੋਰ ਧਾਰਮਿਕ ਕੈਸੇਟ 'ਵਾਹਿਗੁਰੂ ਅੱਲਾ ਰਾਮ ਖੁਦਾ' ਕੱਢੀ। ਇਹ ਕੈਸੇਟ ਪਾਲ ਨੇ ਆਪਣੇ ਉਸਤਾਦ ਸ: ਗੁਰਚਰਨ ਸਿੰਘ ਥਿੰਦ ਜੀ ਨੂੰ ਸਮਰਪਿਤ ਕੀਤੀ ਅਤੇ ਇਸ ਕੈਸੇਟ ਨੂੰ ਸੰਗੀਤਬੱਧ ਦੀਨ ਦਿਆਲ ਨੇ ਕੀਤਾ। ਇਸ ਕੈਸੇਟ ਵਿੱਚ ਕੁੱਲ 10 ਗੀਤ ਸ਼ਾਮਿਲ ਸਨ, ਜਿਨ੍ਹਾਂ ਦੇ ਨਾਂ, 'ਵਾਹਿਗੁਰੂ ਅੱਲਾ ਰਾਮ ਖੁਦਾ', 'ਕਿਰਤ ਕਰੋ, ਵੰਡ ਛਕੋ', 'ਬਾਬਾ ਨੰਦ ਸਿੰਘ ਜੀ ਆ ਗਏ', 'ਆ ਕੇ ਸੰਤਾਂ ਦੇ ਦੁਆਰੇ', 'ਵਾਹਿਗੁਰੂ

ਵਾਹਿਗੁਰੂ ਬੋਲ ਪਿਆਰਿਆ', 'ਜਾ ਤੂੰ ਮੇਰੇ ਵੱਲ ਹੈ (ਸ਼ਬਦ)', 'ਸਾਖੀ ਭਾਈ ਕ੍ਰਿਤੀਆ', 'ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ', 'ਦਿੱਲੀਓਂ ਲੈ ਕੇ ਸੀਸ ਜੈਤਾ' ਅਤੇ 'ਵਾਰ ਸਾਹਿਬਜਾਦਾ ਅਜੀਤ ਸਿੰਘ' ਸਨ। ਇਨ੍ਹਾਂ ਗੀਤਾਂ ਦੇ ਲੇਖਕ ਸੋਹਣ ਸਿੰਘ ਬਰਾੜ, ਨਿਸ਼ਾਨ ਸਿੰਘ ਸ਼ਾਨ, ਦੀਪਕ ਜੈਤੋਈ, ਫ਼ਿਰੋਜ਼ਦੀਨ ਸ਼ਰਫ਼, ਸੁਰਜੀਤ ਸਿੰਘ ਮਰਜਾਰਾ ਅਤੇ ਢਾਡੀ ਗੁਰਬਖ਼ਸ਼ ਸਿੰਘ ਸਨ। ਇਸ ਕੈਸੇਟ ਵਿਚਲੇ ਗੀਤਾਂ 'ਵਾਹਿਗੁਰੂ ਅੱਲਾ ਰਾਮ ਖ਼ੁਦਾ' ਅਤੇ 'ਨੂਰ ਨੂਰਾਨੀ ਹੋ ਗਿਆ ਅੱਜ ਚਾਰ ਚੁਫੇਰਾ, ਬਾਬਾ ਨੰਦ ਸਿੰਘ ਆ ਗਏ ਚੁੱਕ ਦਿੱਤਾ ਹਨੇਰਾ' ਆਦਿ ਨੇ ਪਾਲ ਦੀ ਪ੍ਰਸਿੱਧੀ ਨੂੰ ਹੋਰ ਵੀ ਚਾਰ ਚੰਨ ਲਗਾਏ। ਪਾਲ ਦੇ ਇਨ੍ਹਾਂ ਧਾਰਮਿਕ ਗੀਤਾਂ ਕਾਰਨ ਵਿਦੇਸ਼ਾਂ ਵਿੱਚ ਬਣੇ ਗੁਰਦੁਆਰਿਆਂ ਵਿੱਚ ਵੀ ਪਾਲ ਦੀ ਗਾਇਕੀ ਦੀ ਮੰਗ ਵਧਣ ਲੱਗੀ। ਇਸ ਕੈਸੇਟ ਤੋਂ ਕੁੱਝ ਦੇਰ ਬਾਅਦ ਪਾਲ ਨੇ ਆਪਣੀ ਰਿਕਾਰਡਿੰਗ ਕੰਪਨੀ ਵੱਲੋਂ ਇੱਕ ਹੋਰ ਧਾਰਮਿਕ ਕੈਸੇਟ 'ਸਲੋਕ ਭਗਤ ਕਬੀਰ ਜੀ ਦੇ' ਕੱਢੀ। ਇਸ ਕੈਸੇਟ ਵਿੱਚ ਜਿੱਥੇ ਭਗਤ ਕਬੀਰ ਜੀ ਦੇ ਸਲੋਕਾਂ ਦੀ ਵਿਆਖਿਆ ਬਾਖ਼ੂਬੀ ਕੀਤੀ ਗਈ ਸੀ, ਉੱਥੇ ਪਾਲ ਦੁਆਰਾ ਸੁਰੀਲੀ ਅਵਾਜ਼ ਵਿੱਚ ਗਾਏ ਗਏ ਸਲੋਕਾਂ ਦੀ ਚਾਰੇ ਪਾਸਿਓਂ ਸ਼ਲਾਘਾ ਹੋਈ। ਕੁੱਲ ਮਿਲਾ ਕੇ ਪਾਲ ਦੀ ਏਸ ਧਾਰਮਿਕ ਕੈਸੇਟ ਨੂੰ ਵੀ ਮਾਰਕੀਟ ਵਿੱਚ ਚੰਗਾ ਹੁੰਗਾਰਾ ਮਿਲਿਆ ਤੇ ਉਸਦੇ ਨਾਂ ਨੇ ਧਾਰਮਿਕ ਕੈਸੇਟਾਂ ਦੀ ਲੜੀ ਵਿੱਚ ਵੀ ਚੋਖੀ ਸ਼ੋਹਰਤ ਪ੍ਰਾਪਤ ਕੀਤੀ।

ਇਸ ਪ੍ਰਕਾਰ ਦੇਖਿਆ ਜਾਵੇ ਤਾਂ ਇਹੀ ਨਤੀਜਾ ਨਿਕਲਦਾ ਹੈ ਕਿ ਚਾਹੇ ਪਾਲ ਬਾਅਦ ਵਿਚ ਅਜੋਕੇ ਗਾਇਕਾਂ ਵਾਂਗ ਕੈਸੇਟਾਂ ਰਿਕਾਰਡ ਕਰਾਉਣ ਦੀ ਤੇਜ਼ੀ ਵਿੱਚ ਸ਼ਾਮਿਲ ਹੋ ਗਿਆ। ਪ੍ਰੰਤੂ ਉਸਨੇ ਜਿੰਨੀਆਂ ਵੀ ਕੈਸੇਟਾਂ ਕੀਤੀਆਂ, ਉਹ ਉੱਚ ਪਾਏ ਅਤੇ ਦੀਆਂ ਦਮਦਾਰ ਹੀ ਕੀਤੀਆਂ। ਜਿੰਨ੍ਹਾਂ ਵਿਚਲੇ ਇੱਕ ਇੱਕ ਗੀਤ ਦਾ ਇੱਕ-ਇੱਕ ਸ਼ਬਦ ਲੋਕਾਂ ਦੇ ਦਿਲਾਂ ਤੱਕ ਪਹੁੰਚਣ ਦਾ ਜਜ਼ਬਾ ਰੱਖਣ ਲਈ ਕਾਮਯਾਬ ਸਿੱਧ ਹੋਇਆ। ਪਾਲ ਦੀ ਗਾਇਕੀ ਦੀ ਮਹਿਮਾ ਅਤੇ ਇਨ੍ਹਾਂ ਕੈਸੇਟਾਂ ਨੂੰ ਮੱਦੇ-ਨਜ਼ਰ ਰੱਖ ਕੇ ਪਾਲ ਨੂੰ ਅਨੇਕਾਂ ਸੱਭਿਆਚਾਰ ਕਲੱਬਾਂ ਅਤੇ ਸਾਹਿਤਕ ਸਮਾਗਮਾਂ ਵਿੱਚ ਅਨੇਕਾਂ ਮਾਨਾਂ-ਸਨਮਾਨਾਂ ਨਾਲ ਵੀ ਨਿਵਾਜ਼ਿਆ ਗਿਆ, ਜਿਨ੍ਹਾਂ ਨੂੰ ਪਾਲ ਆਪਣੀ ਜਾਨ ਤੋਂ ਵੀ ਵੱਧ ਪਿਆਰ ਕਰਦਾ ਹੈ। ਇਸ ਪ੍ਰਕਾਰ ਇਹ ਵੀ ਕਿਹਾ ਜਾ ਸਕਦਾ ਹੈ ਕਿ ਪਾਲ ਦੀਆਂ ਆਈਆਂ ਉਪਰੋਕਤ ਕੈਸੇਟਾਂ ਅਤੇ ਉਸਨੂੰ ਮਿਲੇ ਮਾਨਾਂ-ਸਨਮਾਨਾਂ ਨੇ ਜਿੱਥੇ ਉਸਨੂੰ ਆਪਣੀ ਗਾਇਕੀ ਨੂੰ ਨਿਰਵਿਘਨ ਤੌਰ ਤਰੀਕੇ ਨਾਲ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ, ਉੱਥੇ ਉਸਦੀ ਗਾਇਕੀ ਦੇ ਦਿਸਹੱਦੇ ਹੋਰਨਾਂ ਬਾਹਰੀ ਸੂਬਿਆਂ ਵਿੱਚ ਵੀ ਦਾਦ ਖੱਟਣ ਲਈ ਕਾਮਯਾਬ ਸਿੱਧ ਹੋਏ।



# ਪਾਲ ਦੀਆਂ ਵਿਦੇਸ਼ ਯਾਤਰਾਵਾਂ

ਪਾਲ ਦੁਆਰਾ ਗਾਏ ਲੋਕ ਗੀਤਾਂ ਦੀਆਂ ਆਈਆਂ ਹੋਰਨਾਂ ਕੈਸੇਟਾਂ ਨੇ ਜਿੱਥੇ ਪੰਜਾਬ ਅਤੇ ਪੰਜਾਬੀਅਤ ਨਾਲ ਮੋਹ ਕਰਨ ਵਾਲਿਆਂ ਨੂੰ ਕੀਲਣ ਦਾ ਰੁਤਬਾ ਹਾਸਿਲ ਕੀਤਾ, ਉੱਥੇ ਉਸ ਦੁਆਰਾ ਕੱਢੀਆਂ ਗਈਆਂ ਧਾਰਮਿਕ ਕੈਸੇਟਾਂ ਨੇ ਉਸਦਾ ਨਾਂ ਪੰਜਾਬ ਵਿਚਲੇ ਧਾਰਮਿਕ ਸਮਾਗਮਾਂ ਵਿੱਚ ਚਰਚਿਤ ਕਰਨ ਦੇ ਨਾਲ-ਨਾਲ, ਬਾਹਰਲੇ ਸੂਬਿਆਂ ਵਿੱਚ ਵੀ ਚਮਕਾਇਆ। ਜਿੰਨਾਂ ਸਦਕਾ ਪਾਲ ਦਾ ਆਉਣ ਵਾਲਾ ਅਗਲੇਰਾ ਭਵਿੱਖ ਵੀ ਉਸ ਲਈ ਨਵੀਆਂ ਸੌਗਾਤਾਂ ਲੈ ਕੇ ਆਇਆ। ਇੰਨ੍ਹਾਂ ਧਾਰਮਿਕ ਕੈਸੇਟਾਂ ਕਾਰਨ ਮਿਲੀ ਸ਼ੋਹਰਤ ਦੀ ਬਦੌਲਤ ਉਸਨੂੰ ਅਨੇਕਾਂ ਵਾਰ ਵਿਦੇਸ਼ਾਂ ਵਿੱਚ ਪ੍ਰੋਗਰਾਮ ਪੇਸ਼ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਕੀਰਤਨ ਜੱਥਿਆਂ ਅਤੇ ਹੋਰਨਾਂ ਨਾਟਕ ਮੰਡਲੀਆਂ ਨਾਲ ਰਹਿਣ ਕਰਕੇ ਵੀ ਪੰਜਾਬ ਦੇ ਹਰ ਧਾਰਮਿਕ ਪ੍ਰੋਗਰਾਮ ਵਿੱਚ ਪਾਲ ਦੀ ਸ਼ਮੂਲੀਅਤ ਜਰੂਰੀ ਸਮਝੀ ਜਾਣ ਲੱਗੀ। ਜਦ ਉਹ ਵਿਦੇਸ਼ਾਂ ਵਿੱਚ ਬਣੇ ਗੁਰਦਆਰਿਆਂ ਵਿੱਚ ਪ੍ਰੋਗਰਾਮ ਪੇਸ਼ ਕਰਦਾ ਤਾਂ ਉੱਥੇ ਵਸਦੇ ਪੰਜਾਬੀ ਪਾਲ ਨੂੰ ਉਸਦੀ ਦੁਬਾਰਾ ਫੇਰੀ ਬਾਬਤ ਪੁੱਛਦੇ ਅਤੇ ਉਸਨੂੰ ਆਪਣੇ ਘਰ ਠਹਿਰਨ ਦੀਆਂ ਪੇਸ਼ਕਸ਼ਾਂ ਕਰਦੇ। ਜਦ ਪਾਲ ਨੂੰ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਲੋਕ ਆਪਣੀਆਂ ਪਲਕਾਂ ਦੀਆਂ ਛਾਵਾਂ ਕਰਦੇ ਤਾਂ ਪਾਲ ਦੇ ਮਨ ਨੂੰ ਅਲੌਕਿਕ ਜਿਹੀ ਖੁਸ਼ੀ ਪ੍ਰਾਪਤ ਹੁੰਦੀ ਕਿ ਦੇਰੀ ਨਾਲ ਸਹੀ ਪਰ ਉਸਦੀ ਮਿਹਨਤ ਰਾਸ ਤਾਂ ਆਈ। ਪਾਲ ਦੁਆਰਾ ਵਿਦੇਸ਼ੀ ਗੁਰਦੁਆਰਿਆਂ 'ਚ ਪੇਸ਼ ਕੀਤੇ ਜਾਂਦੇ ਧਾਰਮਿਕ ਪ੍ਰੋਗਰਾਮ ਉੱਥੋਂ ਦੇ ਵਸਨੀਕ ਲੋਕਾਂ ਨੂੰ ਇੰਨਾ ਪ੍ਰਭਾਵਿਤ ਕਰਦੇ ਕਿ ਲੋਕ ਵਾਰ ਵਾਰ ਉੱਥੋਂ ਦੇ ਗੁਰਦੁਆਰਿਆਂ ਦੇ ਮੁਖੀਆਂ ਨੂੰ ਉਸਨੂੰ ਵੱਧ ਤੋਂ ਵੱਧ ਸਮਾਂ ਦੇਣ ਲਈ ਬੇਨਤੀਆਂ ਕਰਦੇ।

ਪਾਲ ਨੇ ਆਪਣਾ ਪਹਿਲਾ ਵਿਦੇਸ਼ੀ ਸਫ਼ਰ 1982 ਵਿੱਚ ਮਲੇਸ਼ੀਆ ਵਿੱਚ ਕੀਤਾ। ਉਸਨੇ ਮਲੇਸ਼ੀਆ ਦੇ ਅਨੇਕਾਂ ਕਲੱਬਾਂ ਵਿੱਚ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਅਤੇ ਅਨੇਕਾਂ ਗੁਰਦੁਆਰਿਆਂ ਵਿੱਚ ਧਾਰਮਿਕ ਪ੍ਰੋਗਰਾਮਾਂ ਦੀ ਵੀ ਪੇਸ਼ਕਸ਼ ਕੀਤੀ। ਪਾਲ ਦੀ ਇਹ ਪਹਿਲੀ ਯਾਤਰਾ ਉਸ ਲਈ ਮਹਿਜ਼ ਇੱਕ ਇਤਫ਼ਾਕੀਆ ਗੱਲ ਹੀ ਸੀ, ਕਿਉਂਕਿ ਉਸਨੇ ਕਦੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਉਹ ਵੀ ਕਿਸੇ ਦਿਨ ਹਵਾਈ ਜਹਾਜ਼ਾਂ ਦੇ ਜ਼ਰੀਏ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਗਾਇਕੀ ਦੇ ਫ਼ਨ ਦਾ ਮੁਜ਼ਾਹਰਾ ਕਰ ਸਕੇਗਾ। ਕਿਉਂਕਿ ਪਹਿਲਾਂ ਉਹ ਸਮਝਦਾ ਹੁੰਦਾ ਸੀ ਕਿ ਵਿਦੇਸ਼ਾਂ ਵਿੱਚ ਕੇਵਲ ਪ੍ਰਮੋਟਰਾਂ ਦੇ ਸਿਫ਼ਾਰਸ਼ੀ ਅਤੇ ਭਰੀਆਂ

ਜੇਬਾਂ ਵਾਲੇ ਗਾਇਕ ਹੀ ਜਾ ਸਕਦੇ ਹਨ। ਮਲੇਸ਼ੀਆ ਦੀ ਪਲੇਠੀ ਯਾਤਰਾ ਪਾਲ ਨੂੰ ਬੜੀ ਆਨੰਦਦਾਇਕ ਅਤੇ ਭਾਵਪੂਰਤ ਮਹਿਸੂਸ ਹੋਈ। ਮਲੇਸ਼ੀਆ 'ਚ ਆਪਣੇ ਪ੍ਰੋਗਰਾਮ ਪੇਸ਼ ਕਰਨ ਤੋਂ ਬਾਅਦ ਪਾਲ ਨੇ ਲੰਬੇ ਅਰਸੇ ਬਾਅਦ ਆਪਣੀ ਦੂਸਰੀ ਵਿਦੇਸ਼ੀ ਯਾਤਰਾ ਕੀਤੀ। ਕਰੀਬ 15 ਵਰ੍ਹਿਆਂ ਬਾਅਦ ਪਾਲ ਨੂੰ 1997 ਵਿੱਚ ਇੱਕ ਹੋਰ ਪ੍ਰਮੋਟਰ ਅਮਰੀਕਾ ਵਿੱਚ ਪ੍ਰੋਗਰਾਮ ਪੇਸ਼ ਕਰਨ ਲਈ ਲੈ ਕੇ ਗਿਆ। ਅਮਰੀਕਾ ਦੇ ਲੋਕਾਂ ਦੇ ਰਹਿਣ-ਸਹਿਣ, ਉਨ੍ਹਾਂ ਦੀ ਭਾਸ਼ਾ ਅਤੇ ਉਨ੍ਹਾਂ ਦੇ ਸੱਭਿਆਚਾਰਕ ਰਵੱਈਏ ਨੂੰ ਦੇਖ ਕੇ ਪਹਿਲਾਂ ਤਾਂ ਪਾਲ ਘਬਰਾ ਗਿਆ ਅਤੇ ਸੋਚਣ ਲੱਗਿਆ ਕਿ ਏਥੇ ਉਸਦੀ ਪੰਜਾਬੀ ਲੋਕ ਗਾਇਕੀ ਵਾਲੇ ਪ੍ਰੋਗਰਾਮਾਂ ਨੂੰ ਕੌਣ ਸੁਣੇਗਾ? ਪ੍ਰੰਤੂ ਕੁੱਝ ਦੇਰ ਬਾਅਦ ਜਦ ਅਮਰੀਕਾ 'ਚ ਵਸਦੇ ਪੰਜਾਬੀਆਂ ਨੂੰ ਪਾਲ ਦੇ ਆਉਣ ਸੰਬੰਧੀ ਪਤਾ ਲੱਗਾ ਤਾਂ ਉਨ੍ਹਾਂ ਨੇ ਪਾਲ ਨੂੰ ਤਨੋਂ-ਮਨੋਂ ਪੂਰਾ-ਪੂਰਾ ਸਹਿਯੋਗ ਦਿੱਤਾ। ਪਾਲ ਅਮਰੀਕਾ ਵਿਖੇ ਕਰੀਬ ਦੋ ਕੁ ਮਹੀਨੇ ਰਿਹਾ। ਉਹ ਬਾਕੀ ਦਿਨਾਂ ਵਿੱਚ ਤਾਂ ਪ੍ਰਮੋਟਰਾਂ ਦੇ ਕਹਿਣ 'ਤੇ ਕੋਈ ਨਾ ਕੋਈ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦਾ ਪ੍ਰੰਤੂ ਸ਼ਨੀਵਾਰ ਅਤੇ ਐਤਵਾਰ ਉਹ ਉੱਥੇ ਬਣੇ ਗੁਰਦੁਆਰਿਆਂ ਵਿੱਚ ਧਾਰਮਿਕ ਪ੍ਰੋਗਰਾਮ ਪੇਸ਼ ਕਰਦਾ, ਜਿੰਨ੍ਹਾਂ ਨੂੰ ਉੱਥੇ ਵਸਦੇ ਪੰਜਾਬੀ ਲੋਕ ਬੜੀ ਰੀਝ ਨਾਲ ਸੁਣਦੇ ਤੇ ਆਪਣੇ ਵਿੱਤ ਅਨੁਸਾਰ ਉਸਨੂੰ ਮਾਇਆ ਦੇ ਖੂਬ ਗੱਫ਼ੇ ਵੀ ਦਿੰਦੇ।

1999 ਦਾ ਵਰ੍ਹਾ ਪਾਲ ਲਈ ਬੜਾ ਹੀ ਸੁਭਾਗਾਂ ਭਰਿਆ ਸਿੱਧ ਹੋਇਆ। ਇਸ ਵਰ੍ਹੇ ਦੌਰਾਨ ਉਹ ਪੰਜਾਬ ਵਿੱਚ ਘੱਟ ਹੀ ਰਿਹਾ ਬਲਕਿ ਤਕਰੀਬਨ ਸਾਰਾ ਵਰ੍ਹਾ ਹੀ ਉਹ ਵੱਖ-ਵੱਖ ਵਿਦੇਸ਼ੀ ਸੂਬਿਆਂ ਵਿੱਚ ਰਿਹਾ। ਇਸ ਵਰ੍ਹੇ ਪਾਲ ਇੱਕ ਵਾਰ ਫਿਰ ਅਮਰੀਕਾ ਗਿਆ ਅਤੇ ਕਰੀਬ ਢਾਈ ਕੁ ਮਹੀਨੇ ਉੱਥੇ ਰਿਹਾ। ਪਾਲ ਦੇ ਪ੍ਰਸ਼ੰਸ਼ਕਾਂ ਨੇ ਇਸ ਵਰ੍ਹੇ ਵੀ ਪਾਲ ਨੂੰ ਅਮਰੀਕਾ 'ਚ ਕਿਸੇ ਪ੍ਰਕਾਰ ਦੀ ਕੋਈ ਦਿੱਕਤ ਪੇਸ਼ ਨਾ ਆਉਣ ਦਿੱਤੀ। ਪ੍ਰੰਤੂ ਇਸ ਵਾਰ ਉਸਨੇ ਸੱਭਿਆਚਾਰਕ ਪ੍ਰੋਗਰਾਮਾਂ ਦੇ ਬਜਾਏ ਅਮਰੀਕਾ ਵਿੱਚ ਧਾਰਮਿਕ ਪ੍ਰੋਗਰਾਮ ਕਰਨ ਨੂੰ ਵਧੇਰੇ ਤਰਜ਼ੀਹ ਦਿੱਤੀ। ਗੁਰਦੁਆਰਿਆਂ ਵਿੱਚ ਉਸ ਦੁਆਰਾ ਪੇਸ਼ ਕੀਤੇ ਧਾਰਮਿਕ ਪ੍ਰੋਗਰਾਮਾਂ ਦੀਆਂ ਰਿਕਾਰਡ ਹੋਈਆਂ ਹਜ਼ਾਰਾਂ ਕੈਸੇਟਾਂ ਉੱਥੇ ਵਿਕੀਆਂ। ਇੱਕ ਵਾਰ ਉਸਨੂੰ ਅਮਰੀਕਾ ਵਿੱਚ ਸਥਿਤ ਇੱਕ ਗੁਰਦੁਆਰਾ ਸਾਹਿਬ ਵਾਲਿਆਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਕ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਬੁਲਾਇਆ। ਪਾਲ ਆਪਣੇ ਕੁਝ ਜ਼ਰੂਰੀ ਕੰਮਾਂ-ਕਾਜਾਂ ਕਰਕੇ ਗੁਰਦੁਆਰਾ ਸਾਹਿਬ ਪਹੁੰਚਣ ਵਿੱਚ ਆਪਣੇ ਨਿਰਧਾਰਿਤ ਸਮੇਂ ਤੋਂ ਕਰੀਬ ਦਸ ਕੁ ਮਿੰਟ ਲੇਟ ਹੋ ਗਿਆ। ਤਦ ਤੱਕ ਗੁਰਦੁਆਰਾ ਸਾਹਿਬ ਵਿੱਚੋਂ ਸਾਰੀ ਸੰਗਤ ਉੱਠ ਕੇ ਬਾਹਰ ਆ ਚੁੱਕੀ ਸੀ ਅਤੇ ਆਪੋ ਆਪਣੇ ਘਰਾਂ ਨੂੰ ਜਾਣ ਦੀ ਤਿਆਰੀ ਕਰ ਰਹੀ ਸੀ। ਜਦ ਸੰਗਤ ਨੂੰ ਪਾਲ ਦੇ ਉੱਥੇ ਪਹੁੰਚਣ ਦਾ ਪਤਾ ਲੱਗਾ ਤਾਂ



ਮਿੰਟਾਂ-ਸਕਿੰਟਾਂ ਵਿੱਚ ਪੰਡਾਲ ਫਿਰ ਤੋਂ ਖਚਾਖਚ ਭਰ ਗਿਆ ਤੇ ਲੋਕਾਂ ਨੇ ਪਾਲ ਦੇ ਧਾਰਮਿਕ ਗੀਤਾਂ ਦਾ ਆਨੰਦ ਮਾਨਣਾ ਸ਼ੁਰੂ ਕਰ ਦਿੱਤਾ। ਪ੍ਰੰਤੂ ਸਮੇਂ ਦੀ ਨਜ਼ਾਕਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਗੁਰਦੁਆਰਾ ਸਾਹਿਬ ਦੇ ਮੁਖੀਆਂ ਵੱਲੋਂ ਪਾਲ ਨੂੰ ਕੇਵਲ ਪੰਦਰਾਂ ਮਿੰਟਾਂ ਬਾਅਦ ਹੀ ਆਪਣਾ ਪ੍ਰੋਗਰਾਮ ਬੰਦ ਕਰਨ ਲਈ ਕਿਹਾ ਤਾਂ ਸਾਰੀ ਸੰਗਤ ਪੰਡਾਲ ਵਿੱਚੋਂ ਉੱਠ ਕੇ ਰੌਲਾ ਪਾਉਣ ਲੱਗੀ ਕਿ ਪਾਲ ਨੂੰ ਹੋਰ ਸਮਾਂ ਦਿੱਤਾ ਜਾਵੇ। ਸੋ ਸੰਗਤ ਦੀ ਪੁਰਜ਼ੋਰ ਮੰਗ 'ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਪਾਲ ਨੂੰ ਹੋਰ ਸਮਾਂ ਦੇ ਦਿੱਤਾ। ਉਸ ਦਿਨ ਗੁਰਦੁਆਰਾ ਸਾਹਿਬ ਵਿੱਚ ਪਾਲ ਨੇ ਢਾਈ ਘੰਟਿਆਂ ਤੋਂ ਵੀ ਵੱਧ ਸਮਾਂ ਪ੍ਰੋਗਰਾਮ ਪੇਸ਼ ਕੀਤਾ ਤੇ ਲੋਕਾਂ ਨੇ ਪਾਲ ਦੀ ਗਾਇਕੀ ਦੇ ਅੰਦਾਜ਼ ਅਤੇ ਸੁਰੀਲੀ ਆਵਾਜ਼ ਤੋਂ ਖੁਸ਼ ਹੋ ਕੇ ਉਸ ਅੱਗੇ ਡਾਲਰਾਂ ਦੇ ਢੇਰ ਲਗਾ ਦਿੱਤੇ।

ਇਸੇ ਵਰ੍ਹੇ ਦੌਰਾਨ ਪਾਲ ਇੱਕ ਵਾਰ ਫਿਰ ਮਲੇਸ਼ੀਆ ਗਿਆ ਤੇ ਉੱਥੇ ਅਨੇਕਾਂ ਸੱਭਿਆਚਾਰਕ ਅਤੇ ਧਾਰਮਿਕ ਪ੍ਰੋਗਰਾਮ ਪੇਸ਼ ਕੀਤੇ। ਇਸੇ ਵਰ੍ਹੇ ਹੀ ਕੁੱਝ ਮਹੀਨਿਆਂ ਬਾਅਦ ਪਾਲ ਦੋ ਵਾਰ ਹਾਂਗਕਾਂਗ ਵਿੱਚ ਗਿਆ ਤੇ ਇੱਥੇ ਵੀ ਅਨੇਕਾਂ ਪ੍ਰੋਗਰਾਮ ਪੇਸ਼ ਕੀਤੇ। ਉਸ ਤੋਂ ਕੁੱਝ ਦੇਰ ਬਾਅਦ ਪਾਲ ਥਾਈਲੈਂਡ ਅਤੇ ਚਾਈਨਾਂ ਵਰਗੇ ਦੇਸ਼ਾਂ ਵਿੱਚ ਗਿਆ ਅਤੇ ਉੱਥੇ ਸੱਭਿਆਚਾਰਕ, ਸਾਹਿਤਕ ਅਤੇ ਧਾਰਮਿਕ ਪ੍ਰੋਗਰਾਮ ਪੇਸ਼ ਕਰਕੇ ਲੋਕਾਂ ਦਾ ਰੱਜਵਾਂ ਪਿਆਰ ਹਾਸਿਲ ਕੀਤਾ। ਵਿਦੇਸ਼ਾਂ ਵਿੱਚ ਉਸਦੇ ਅਨੇਕਾਂ ਚਹੇਤੇ ਬਣ ਗਏ, ਜਿਨ੍ਹਾਂ ਦੇ ਫ਼ੋਨ ਤੇ ਚਿੱਠੀਆਂ ਹਾਲੇ ਵੀ ਪਾਲ ਨੂੰ ਉਨ੍ਹਾਂ ਦੇ ਦੋਸਤੀਪੁਣੇ ਦੇ ਜਾਮੇ ਦਾ ਅਹਿਸਾਸ ਕਰਵਾਉਂਦੀਆਂ ਰਹਿੰਦੀਆਂ ਹਨ। ਪਾਲ ਦਾ ਕਹਿਣਾ ਹੈ ਕਿ ਹੁਣ ਵੀ ਜਦ ਉਸਨੂੰ ਵਿਦੇਸ਼ਾਂ ਵਿੱਚ ਵਸਦੇ ਉਸ ਨਾਲ ਮੋਹ ਰੱਖਣ ਵਾਲੇ ਪੰਜਾਬੀਆਂ ਦੇ ਫ਼ੋਨ ਆਉਂਦੇ ਹਨ ਤਾਂ ਉਸਨੂੰ ਇੱਕ ਅਲੌਕਿਕ ਜਿਹੀ ਖੁਸ਼ੀ ਮਹਿਸੂਸ ਹੁੰਦੀ ਹੈ, ਜਿਸਨੂੰ ਉਹ ਸ਼ਬਦਾਂ ਰਾਹੀਂ ਸਾਂਝੀ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ। ਪਾਲ ਦੀਆਂ ਵਿਦੇਸ਼ੀ ਯਾਤਰਾਵਾਂ ਦੇ ਸਫ਼ਰ ਨੂੰ ਸਨਮੁੱਖ ਰੱਖ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਇੱਕ ਛੋਟੇ ਜਿਹੇ ਜੱਟ ਘਰਾਣੇ 'ਚ ਜਨਮ ਲੈ ਕੇ ਉਸ ਦੁਆਰਾ ਆਪਣੀ ਗਾਇਕੀ ਦੀਆਂ ਵਿਦੇਸ਼ਾਂ ਵਿੱਚ ਵੀ ਮਹਿਕਾਂ ਖਿਲਾਰਨੀਆਂ ਵਾਕਿਆ ਹੀ ਇੱਕ ਸੁਭਾਗਾਂ ਭਰਿਆ ਕਾਰਜ ਹੈ, ਜੋ ਕਿਸੇ ਕਿਸੇ ਗਾਇਕ ਦੇ ਹੀ ਹਿੱਸੇ ਆਉਂਦਾ ਹੈ।

# ਮਾਨ-ਸਨਮਾਨ

ਕਿਸੇ ਵੀ ਗਾਇਕ ਨੂੰ ਉਸਦੀ ਗਾਇਕੀ ਪ੍ਰਤੀ ਦੇਣ ਨੂੰ ਸਨਮੁੱਖ ਰੱਖ ਕੇ ਕਿਸੇ ਸਮਾਗਮ ਵਿੱਚ ਸਨਮਾਨਿਤ ਕਰਨਾ ਉਸ ਲਈ ਬਹੁਤ ਵੱਡੀ ਪ੍ਰਾਪਤੀ ਹੁੰਦੀ ਹੈ। ਸੋ ਪਾਲ ਦੀ ਗਾਇਕੀ ਦੀ ਸਮਰੱਥਾ ਅਤੇ ਉਸ ਵੱਲੋਂ ਦ੍ਰਿੜਤਾ ਨਾਲ ਪੰਜਾਬੀ ਗਾਇਕੀ ਦੇ ਵਿਹੜੇ 'ਚ ਮਾਰੀਆਂ ਗਈਆਂ ਮੱਲਾਂ ਨੂੰ ਸਨਮੁੱਖ ਰੱਖ ਕੇ ਉਸਨੂੰ ਅਨੇਕਾਂ ਵਾਰ ਵੱਖ-ਵੱਖ ਸੱਭਿਆਚਾਰਕ ਅਤੇ ਸਾਹਿਤਕ ਸਮਾਗਮਾਂ ਵਿੱਚ ਸਨਮਾਨਿਆ ਗਿਆ। ਉਸਦੇ ਘਰ ਮੈਡਲਾਂ ਅਤੇ ਸ਼ੀਲਡਾਂ ਨਾਲ ਭਰੀਆਂ ਹੋਈਆਂ ਅੰਗੀਠੀਆਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਅੱਜ ਵੀ ਲੋਕ ਉਸਦੀ ਗਾਇਕੀ ਦੀ ਓਨੀ ਹੀ ਕਦਰ ਕਰਦੇ ਹਨ, ਜਿੰਨੀ ਕਿ ਕੁਝ ਦਹਾਕੇ ਪਹਿਲਾਂ ਕਰਦੇ ਸਨ ਤੇ ਹਾਲੇ ਤੱਕ ਉਸਦੀ ਗਾਇਕੀ ਵਿੱਚ ਕਿਸੇ ਵੀ ਪ੍ਰਕਾਰ ਦਾ ਕੋਈ ਬਦਲਾਓ ਨਹੀਂ ਆਇਆ। ਉਸਦੇ ਘਰ ਵਿਚਲੀਆਂ ਸ਼ੀਲਡਾਂ ਨਾਲ ਭਰੀਆਂ ਅੰਗੀਠੀਆਂ ਦੇਖ ਕੇ ਕਈ ਵਾਰ ਤਾਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਸਨੂੰ ਕੋਈ ਨਾ ਕੋਈ ਮਾਨ-ਸਨਮਾਨ ਰੋਜ਼ਾਨਾ ਹੀ ਮਿਲਦਾ ਰਹਿੰਦਾ ਹੋਵੇ।

ਪਾਲ ਨੂੰ ਹੁਣ ਤੱਕ ਕਰੀਬ ਤਿੰਨ ਕੁ ਸੌ ਵਾਰ ਪੰਜਾਬ ਅਤੇ ਪੰਜਾਬੋਂ ਬਾਹਰ ਬਣੀਆਂ ਸੱਭਿਆਚਾਰਕ ਅਤੇ ਸਾਹਿਤਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਪਾਲ ਆਪਣੇ ਮਿਲੇ ਹੋਏ ਮਾਨਾਂ-ਸਨਮਾਨਾਂ ਨੂੰ ਆਪਣੀ ਹਿੱਕ ਦੇ ਵਾਲ ਸਮਝਦਾ ਹੈ। ਸ਼ਾਇਦ ਇਸੇ ਕਾਰਨ ਹੀ ਹੁਣ ਤੋਂ ਕਰੀਬ ਪੰਦਰਾਂ-ਪੰਦਰਾਂ, ਵੀਹ-ਵੀਹ ਵਰ੍ਹੇ ਪਹਿਲਾਂ ਉਸਨੂੰ ਮਿਲੀਆਂ ਸ਼ੀਲਡਾਂ ਅੱਜ ਵੀ ਇਉਂ ਚਮਕਦੀਆਂ ਹਨ ਜਿਵੇਂ ਅੱਜ-ਕੱਲ੍ਹ ਹੀ ਪ੍ਰਾਪਤ ਹੋਈਆਂ ਹੋਣ। ਆਪਣੇ ਸਨਮਾਨਾਂ ਦੀ ਇੰਨੀ ਸੰਭਾਲ ਜਿੱਥੇ ਉਸਦੇ ਸੰਜ਼ੀਦਗੀਪੁਣੇ ਦਾ ਅਹਿਸਾਸ ਕਰਵਾਉਂਦੀ ਹੈ, ਉੱਥੇ ਉਸਨੂੰ ਕਲਾ ਦਾ ਪੁਜਾਰੀ ਵੀ ਦਰਸਾਉਂਦੀ ਹੈ। ਜਦ ਪਾਲ ਆਪਣੇ ਮਿਲੇ ਹੋਏ ਮਾਨਾਂ-ਸਨਮਾਨਾਂ ਦੀ ਲਿਸਟ ਸੁਣਾਉਣ ਲਗਦਾ ਹੈ ਤਾਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਪੰਜਾਬੀ ਗਾਇਕੀ ਦੇ ਸਾਰੇ ਸਨਮਾਨ ਹੀ ਉਸਦੀ ਝੋਲੀ ਪਾ ਦਿੱਤੇ ਗਏ ਹੋਣ।

ਇੱਕ ਵਾਰ ਪਾਲ, ਸ਼ਾਇਦ ਉਦੋਂ ਸੱਤਵੀਂ ਕਲਾਸ ਵਿੱਚ ਪੜ੍ਹਦਾ ਹੁੰਦਾ ਸੀ ਤਾਂ ਸਕੂਲ ਵਿੱਚ ਗੀਤ ਗਾਉਣ ਦਾ ਮੁਕਾਬਲਾ ਹੋਇਆ। ਲਾਗਲੇ ਕਈ ਪਿੰਡਾਂ ਦੇ ਹੋਰ ਮੁੰਡੇ ਵੀ ਉਸ ਗੀਤ ਮੁਕਾਬਲੇ ਵਿੱਚ ਭਾਗ ਲੈਣ ਲਈ ਪੁੱਜੇ। ਜਦੋਂ ਗੀਤ ਮੁਕਾਬਲਾ ਸ਼ੁਰੂ ਹੋਇਆ ਤਾਂ ਸਭ ਤੋਂ ਪਹਿਲਾਂ ਪਾਲ ਦੀ ਹੀ ਵਾਰੀ ਆਈ ਤੇ ਜਦ ਪਾਲ ਨੇ ਆਪਣਾ ਗੀਤ ਸੁਣਾਇਆ ਤਾਂ



ਪ੍ਰੋਗਰਾਮ ਦੇ ਮੁੱਖ ਮਹਿਮਾਨ ਨੇ ਪਾਲ ਦੀ ਗਾਇਕੀ ਤੋਂ ਖੁਸ਼ ਹੋ ਕੇ ਉਸਨੂੰ ਆਪਣੇ ਵੱਲੋਂ ਕੁਝ ਪੈਸੇ ਵੀ ਦਿੱਤੇ ਤੇ ਫਸਟ ਆਉਣ ਬਦਲੇ ਸ਼ੀਲਡ ਵੀ। ਗਾਉਣ ਬਦਲੇ ਮਿਲੇ ਇਸ ਸਨਮਾਨ ਕਾਰਨ ਪਾਲ ਫੁੱਲਿਆ ਨਹੀਂ ਸਮਾਉਂਦਾ ਸੀ ਤੇ ਘਰ ਆ ਕੇ ਪਾਲ ਨੇ ਜਦ ਉਹ ਸ਼ੀਲਡ ਆਪਣੀ ਬੇਬੇ ਨੂੰ ਦਿਖਾਈ ਤਾਂ ਬੇਬੇ ਨੇ ਉਸਨੂੰ ਦੇਸੀ ਘਿਓ ਦੀ ਚੂਰੀ ਕੁੱਟ ਕੇ ਖੁਆਈ ਤੇ ਕਹਿਣ ਲੱਗੀ, "ਵਾਹ ਵੇ ਮੇਰਿਆ ਸ਼ੇਰ ਬੱਗਿਆ, ਮੈਂ ਤਾਂ ਤੇਰੇ ਗਾਉਣ ਤੇ ਐਵੇਂ ਬੰਦਿਸ਼ਾਂ ਜੇਹੀਆਂ ਲਾਈ ਗਈ, ਬੱਸ ਹੁਣ ਤੂੰ ਏਸੇ ਤਰ੍ਹਾਂ ਗਾਈ ਜਾਈਂ ਤੇ ਮਾਨਾਂ-ਸਨਮਾਨਾਂ ਨਾਲ ਆਪਣਾ ਘਰ ਭਰ ਦੇਈਂ।" ਪਾਲ ਨੂੰ ਬੇਬੇ ਦੁਆਰਾ ਦਿੱਤੇ ਗਏ ਇਸ ਹੌਸਲੇ ਨੇ ਉਸਨੂੰ ਗਾਇਕੀ ਪ੍ਰਤੀ ਹੋਰ ਵੀ ਦ੍ਰਿੜ ਕਰ ਦਿੱਤਾ ਤੇ ਉਹ ਜਿੱਥੇ ਕਿਤੇ ਵੀ ਕੋਈ ਗੀਤ ਮੁਕਾਬਲਾ ਹੁੰਦਾ, ਉਸੇ 'ਚ ਹੀ ਭਾਗ ਲੈਂਦਾ ਤੇ ਉੱਥੋਂ ਕੋਈ ਨਾ ਕੋਈ ਮਾਨ-ਸਨਮਾਨ ਪ੍ਰਾਪਤ ਕਰਕੇ ਹੀ ਘਰ ਆਉਂਦਾ। ਚਾਹੇ ਮਾਨ-ਸਨਮਾਨ ਸ਼ੀਲਡ ਹੋਵੇ, ਇਨਾਮੀ ਰਾਸ਼ੀ ਹੋਵੇ ਜਾਂ ਪ੍ਰਮਾਣ ਪੱਤਰ। ਦਸਵੀਂ ਕਲਾਸ ਤੱਕ ਪਾਲ ਨੂੰ 70 ਤੋਂ ਵੱਧ ਮਾਨ ਸਨਮਾਨ ਮਿਲ ਚੁੱਕੇ ਸਨ, ਜੋ ਉਮਰ ਦੇ ਤਕਾਜ਼ੇ ਅਨੁਸਾਰ ਉਸ ਲਈ ਬਹੁਤ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਸੀ। ਇਨ੍ਹਾਂ ਸਨਮਾਨਾਂ ਸਦਕਾ ਪਾਲ ਦਾ ਗਾਇਕੀ ਪ੍ਰਤੀ ਹੌਸਲਾ ਜਿਉਂ ਦਾ ਤਿਉਂ ਬਰਕਰਾਰ ਰਿਹਾ।

ਪਾਲ ਮੰਗ ਕੇ ਸਨਮਾਨ ਪ੍ਰਾਪਤ ਕਰਨ ਵਾਲਿਆਂ ਤੋਂ ਬਹੁਤ ਖਾਰ ਖਾਂਦਾ ਹੈ ਕਿਉਂਕਿ ਉਸਦੇ ਕਹਿਣ ਅਨੁਸਾਰ ਕਈ ਲੋਕ ਆਪਣੇ ਵਡੱਪਣ ਨੂੰ ਉੱਚਾ ਦਰਸਾਉਣ ਲਈ ਬਜ਼ਾਰੋਂ ਸ਼ੀਲਡਾਂ ਖਰੀਦ ਕੇ ਘਰਾਂ ਦੀਆਂ ਅੰਗੀਠੀਆਂ 'ਤੇ ਸਜਾ ਲੈਂਦੇ ਹਨ, ਜੋ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਜ਼ਰੀਆ ਤਾਂ ਬਣ ਜਾਂਦੀਆਂ ਹਨ ਪ੍ਰੰਤੂ ਉਹ ਸ਼ੀਲਡਾਂ ਸਹੀ ਰੂਪ ਵਿੱਚ ਕਿਸੇ ਨੂੰ ਸੰਤੁਸ਼ਟ ਕਰਨ ਤੋਂ ਵਾਂਝੀਆਂ ਹੀ ਰਹਿੰਦੀਆਂ ਹਨ ਕਿਉਂਕਿ ਘਰਾਂ ਨੂੰ ਸ਼ਿੰਗਾਰਨ ਲਈ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਕਿਸੇ ਦੀ ਪ੍ਰਤਿਭਾ ਨੂੰ ਨਿਹਾਰਨ ਦਾ ਜਜ਼ਬਾ ਨਹੀਂ ਰੱਖ ਸਕਦੀਆਂ। ਜਿਵੇਂ ਕਿ ਅੱਜ-ਕੱਲ ਦੇ ਗਾਇਕ ਪਹਿਲਾਂ ਹੀ ਸੱਭਿਆਚਾਰਕ ਸਮਾਗਮਾਂ ਵਾਲੀਆਂ ਥਾਵਾਂ 'ਤੇ ਗੱਲ ਕਰ ਲੈਂਦੇ ਹਨ ਕਿ ਮੈਨੂੰ ਫ਼ਲਾਣਾ ਐਵਾਰਡ ਦੇ ਦਿਓ, ਮੈਂ ਮੁਫ਼ਤ ਪ੍ਰੋਗਰਾਮ ਪੇਸ਼ ਕਰ ਦੇਵਾਂਗਾ, ਪਾਲ ਇਸ ਗੱਲ ਦੇ ਵੀ ਸਖ਼ਤ ਵਿਰੁੱਧ ਹੈ ਤੇ ਉਹ ਕਹਿੰਦਾ ਹੈ ਕਿ ਸਨਮਾਨ ਉਹੀ ਹੁੰਦਾ ਹੈ ਜਿਸ ਵਿੱਚੋਂ ਅਪਮਾਨ ਦੀ ਝਲਕ ਨਾ ਝਲਕਦੀ ਹੋਵੇ। ਸੋ ਮੰਗ ਕੇ ਪ੍ਰਾਪਤ ਕੀਤਾ ਗਿਆ ਸਨਮਾਨ ਅਪਮਾਨ ਤੋਂ ਵੀ ਮਾੜਾ ਹੁੰਦਾ ਹੈ।

ਇੱਕ ਵਾਰ ਪਾਲ ਦੀ ਟੀ. ਵੀ. 'ਤੇ ਇੰਟਰਵਿਊ ਆ ਰਹੀ ਸੀ। ਪ੍ਰੋਗਰਾਮ ਪੇਸ਼ ਕਰਨ ਵਾਲੇ ਨੇ ਸਵਾਲ ਕੀਤਾ ਕਿ ਤੁਹਾਨੂੰ ਹੁਣ ਤੱਕ ਕਿੰਨਾਂ-ਕਿੰਨਾਂ ਲੋਕਾਂ ਨੇ ਸਨਮਾਨ ਦਿੱਤਾ ਹੈ ਤਾਂ ਪਾਲ ਉੱਤਰ ਦਿੰਦਾ ਕਹਿਣ ਲੱਗਾ, "ਛੱਡ ਯਾਰ, ਕੋਈ ਚੱਜ ਦਾ ਸਵਾਲ ਕਰ, ਐ ਵੀ ਕੋਈ ਸਵਾਲ ਹੋਇਆ, ਤੂੰ ਮੇਰੇ ਨਾਲ ਘਰ ਚੱਲ ਤੇ ਅੰਗੀਠੀ ਦੇਖ ਕੇ ਦੱਸੀਂ ਕਿ ਮੈਨੂੰ

ਕਿੰਨਾਂ-ਕਿੰਨਾਂ ਨੇ ਸਨਮਾਨ ਨਹੀਂ ਦਿੱਤਾ। ਸਨਮਾਨ ਦਾ ਅਰਥ ਇਹ ਥੋੜੀ ਐ ਕਿ ਕੋਈ ਨਾ ਕੋਈ ਸ਼ੀਲਡ ਜਾਂ ਪੈਸਾ-ਧੇਲਾ ਹੀ ਪ੍ਰਾਪਤ ਹੋਵੇ। ਅਸਲ ਸਨਮਾਨ ਤਾਂ ਮੈਨੂੰ ਉਦੋਂ ਮਿਲਦੈ, ਜਦੋਂ ਲੋਕ ਮੇਰੀ ਗਾਇਕੀ ਸੁਣ ਕੇ ਸਿਰ ਹਿਲਾਉਣ ਲੱਗ ਜਾਂਦੇ ਨੇ ਤੇ ਉਨ੍ਹਾਂ ਦੇ ਧੁਰ ਅੰਦਰ ਤੱਕ ਮੇਰੀ ਗਾਇਕੀ ਦਾ ਨਸ਼ਾ ਹੋ ਜਾਂਦੈ।" ਪਾਲ ਦੇ ਇਸ ਜਵਾਬ ਨੂੰ ਸੁਣ ਕੇ ਪ੍ਰੋਗਰਾਮ ਪੇਸ਼ ਕਰਨ ਵਾਲੇ ਨੂੰ ਆਪਣੇ ਕੀਤੇ ਸਵਾਲ 'ਤੇ ਮੁਆਫ਼ੀ ਮੰਗਣੀ ਪਈ ਤਾਂ ਕਿਤੇ ਪਾਲ ਨੇ ਉਸਦਾ ਖਹਿੜਾ ਛੱਡਿਆ।

ਪੰਜਾਬ ਵਿਚਲੇ ਸੱਭਿਆਚਾਰਕ ਅਤੇ ਸਾਹਿਤਕ ਸਮਾਗਮਾਂ ਵਿੱਚ ਸਨਮਾਨਿਤ ਹੋਣ ਦੇ ਨਾਲ-ਨਾਲ ਪਾਲ ਹੁਣ ਤੱਕ ਅਨੇਕਾਂ ਵਾਰ ਵਿਦੇਸ਼ਾਂ ਵਿੱਚ ਵੀ ਸਨਮਾਨਿਤ ਹੋ ਚੁੱਕਿਆ ਹੈ। ਜਦੋਂ ਉਹ ਵਿਦੇਸ਼ਾਂ ਵਿੱਚ ਪ੍ਰੋਗਰਾਮ ਪੇਸ਼ ਕਰਨ ਲਈ ਜਾਂਦਾ ਤਾਂ ਚਾਹੇ ਉਹ ਦੇਸ਼ ਇੰਗਲੈਂਡ ਹੋਵੇ, ਅਮਰੀਕਾ ਹੋਵੇ ਜਾਂ ਮਲੇਸ਼ੀਆ, ਉੱਥੇ ਵਸਦੇ ਪੰਜਾਬੀ ਉਸਦੇ ਸਨਮਾਨ ਲਈ ਕੋਈ ਨਾ ਕੋਈ ਛੋਟਾ-ਮੋਟਾ ਪ੍ਰੋਗਰਾਮ ਜ਼ਰੂਰ ਰੱਖਦੇ ਹਨ। ਇੱਕ ਵਾਰ ਪਾਲ ਜਦ ਅਮਰੀਕਾ 'ਚ ਗਿਆ ਤਾਂ ਉੱਥੇ ਵਸਦੇ ਪੰਜਾਬੀਆਂ ਨੇ ਇੱਕ ਸੱਭਿਆਚਾਰਕ ਸਮਾਗਮ 'ਚ ਪਾਲ ਨੂੰ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ। ਜਦ ਸਮਾਗਮ ਵਾਲੇ ਦਿਨ ਪਾਲ ਨੂੰ ਆਪਣੇ ਸਨਮਾਨ ਦੇ ਸੰਬੰਧ ਵਿੱਚ ਕੁੱਝ ਵਿਚਾਰ ਲੋਕਾਂ ਨਾਲ ਸਾਂਝੇ ਕਰਨ ਲਈ ਕਿਹਾ ਗਿਆ ਤਾਂ ਪਾਲ ਕਹਿਣ ਲੱਗਿਆ, "ਤੁਹਾਡੇ ਦੁਆਰਾ ਦਿੱਤਾ ਜਾ ਰਿਹਾ ਇਹ ਸਨਮਾਨ ਹੋਰਨਾਂ ਗਾਇਕਾਂ ਦੀ ਵਿਚਾਰਧਾਰਾ ਅਨੁਸਾਰ ਮੇਰੇ ਲਈ ਮਹਿਜ਼ ਇੱਕ ਲੱਕੜ ਦਾ ਖਿਡੌਣਾ ਨਹੀਂ, ਬਲਕਿ ਤੁਹਾਡੇ ਦੁਆਰਾ ਪੇਸ਼ ਕੀਤਾ ਜਾ ਰਿਹਾ ਇਹ ਅਨਮੋਲ ਤੋਹਫ਼ਾ ਮੇਰਾ ਦਿਲ ਹੈ, ਮੇਰੀ ਜਾਨ ਹੈ ਤੇ ਮੇਰਾ ਸਭ ਕੁਝ ਹੈ ਤੇ ਜਦ ਤੱਕ ਮੈਂ ਜਿਉਂਦਾ ਰਹਾਂਗਾ ਤੁਹਾਡੇ ਦਿੱਤੇ ਇਸ ਸਨਮਾਨ ਨੂੰ ਆਪਣੀ ਹਿੱਕ ਨਾਲ ਲਗਾ ਕੇ ਰੱਖਾਂਗਾ।" ਪਾਲ ਦੇ ਇਨ੍ਹਾਂ ਪ੍ਰਭਾਵਸ਼ਾਲੀ ਸ਼ਬਦਾਂ ਨੇ ਉੱਥੋਂ ਦੇ ਵਸਨੀਕਾਂ 'ਤੇ ਇੰਨਾਂ ਅਸਰ ਪਾਇਆ ਕਿ ਉਨ੍ਹਾਂ ਦੀ ਪਾਲ ਦੀ ਗਾਇਕੀ ਅਤੇ ਸਖ਼ਸ਼ੀਅਤ ਪ੍ਰਤੀ ਤਵੱਜੋਂ ਪਹਿਲਾਂ ਨਾਲੋਂ ਵੀ ਗਈ। ਇਸੇ ਕਰਕੇ ਹੀ ਪਾਲ ਜਦ ਹੁਣ ਵੀ ਅਮਰੀਕਾ ਜਾਂਦਾ ਹੈ ਤਾਂ ਉੱਥੇ ਮਾਨਾਂ-ਸਨਮਾਨਾਂ ਦੀਆਂ ਛਹਿਬਰਾਂ ਲੱਗ ਜਾਂਦੀਆਂ ਹਨ। ਜੋ ਉਸਨੂੰ ਉਸਦੀ ਗਾਇਕੀ ਦਾ ਮੁੱਲ ਮੋੜਦੀਆਂ ਹਨ ਤੇ ਉਸਨੂੰ ਪੰਜਾਬੀ ਗਾਇਕੀ ਦੇ ਇਸ ਖੇਤਰ ਵਿੱਚ ਨਿਰਵਿਘਨ ਚੱਲਣ ਲਈ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ।



# ਅਜੋਕੀ ਗਾਇਕੀ ਪ੍ਰਤੀ ਪਾਲ ਦੇ ਵਿਚਾਰ

ਪਾਲ ਅਜੋਕੀ ਗਾਇਕੀ ਤੋਂ ਬਿਲਕੁਲ ਸੰਤੁਸ਼ਟ ਨਹੀਂ ਹੈ। ਜਦੋਂ ਉਸਨੂੰ ਪੁੱਛਿਆ ਜਾਂਦਾ ਹੈ ਕਿ ਤੁਸੀਂ ਅਜੋਕੀ ਗਾਇਕੀ ਪ੍ਰਤੀ ਕੀ ਮਹਿਸੂਸ ਕਰਦੇ ਹੋ ਤਾਂ ਉਹ ਇੱਕਦਮ ਭਾਵੁਕ ਹੋ ਜਾਂਦਾ ਹੈ ਤੇ ਕਹਿੰਦਾ ਹੈ, "ਅੱਜ ਗਾਇਕੀ ਸੁਣਨ ਵਾਲੀ ਚੀਜ਼ ਨਹੀਂ, ਬਲਕਿ ਦੇਖਣ ਵਾਲੀ ਚੀਜ਼ ਬਣ ਕੇ ਰਹਿ ਗਈ ਹੈ ਅਤੇ ਜੇਕਰ ਇਸਦੇ ਇਸ ਤਰ੍ਹਾਂ ਵਿਗੜ ਰਹੇ ਅਕਸ ਨੂੰ ਠੱਲ ਨਾ ਪਾਈ ਗਈ ਤਾਂ ਉਹ ਦਿਨ ਦੂਰ ਨਹੀਂ ਜਦ ਸੱਭਿਆਚਾਰਕ ਤੇ ਮਿਆਰੀ ਗਾਇਕਾਂ ਦਾ ਭੱਠਾ ਬੈਠ ਜਾਵੇਗਾ ਅਤੇ ਸਮਾਂ ਬੀਤਣ ਮਗਰੋਂ ਅਸੀਂ ਸਾਰੇ ਆਪਣੇ ਗੁਆਚੇ ਹੋਏ ਸੱਭਿਆਚਾਰ ਦੀਆਂ ਤੰਦਾਂ ਲੱਭਦੇ ਫਿਰਾਂਗੇ ਪ੍ਰੰਤੂ ਉਸ ਸਮੇਂ ਹਾਲਤ ਇਹ ਹੋਵੇਗੀ ਕਿ ਨਾ ਤਾਂ ਪੱਛਮੀ ਸੰਗੀਤ ਦੇ ਵਾ-ਵਰੋਲੇ ਵਿੱਚ ਕੋਈ ਸਾਡੀ ਆਵਾਜ਼ ਸੁਣ ਸਕੇਗਾ ਤੇ ਨਾ ਹੀ ਦਿਲਾਂ ਦੇ ਅਰਮਾਨ।"

ਜਦੋਂ ਪਾਲ ਪੁਰਾਤਨ ਲੋਕ ਗਾਇਕੀ ਦੀ ਤੁਲਨਾ ਅਜੋਕੀ ਗਾਇਕੀ ਨਾਲ ਕਰਦਾ ਹੈ ਤਾਂ ਅਜੋਕੀ ਗਾਇਕੀ 'ਚ ਆਏ ਨਿਘਾਰ ਕਾਰਨ ਉਸਦੀਆਂ ਅੱਖਾਂ ਭਰ ਆਉਂਦੀਆਂ ਹਨ ਤੇ ਉਹ ਜਜ਼ਬਾਤੀ ਹੋ ਕੇ ਕਹਿਣ ਲੱਗਦਾ ਹੈ ਕਿ , "ਸਾਡੇ ਸਮਿਆਂ ਵਿੱਚ ਨਾ ਤਾਂ ਐਨੇ ਟੀ. ਵੀ. ਚੈਨਲ ਹੀ ਸਨ ਅਤੇ ਨਾ ਹੀ ਏਨੇ ਗਾਇਕ। ਕੋਈ ਵਿਰਲਾ ਟਾਵਾਂ ਗਾਇਕ ਹੀ ਅਜਿਹਾ ਹੁੰਦਾ ਸੀ, ਜੋ ਰੇਡੀਓ ਤੋਂ ਆਪਣੇ ਫ਼ਨ ਦਾ ਮੁਜ਼ਾਹਰਾ ਕਰਦਾ ਹੁੰਦਾ ਸੀ। ਪਰ ਅੱਜਕੱਲ ਤਾਂ ਜਿਹੜੇ ਮੁੰਡੇ-ਖੁੰਡੇ ਨੂੰ ਕੋਈ ਕੰਮ ਕਾਜ ਨਹੀਂ ਮਿਲਦਾ, ਉਹੀ ਸ਼ਹਿਰ ਦੇ ਐਨ ਵਿਚਕਾਰ ਆਪਣਾ ਫੱਟਾ ਜਿਹਾ ਟੰਗ ਕੇ ਬੈਠ ਜਾਂਦਾ ਐ, ਜਿਸ ਤੇ ਮੋਟੇ ਅੱਖਰਾਂ 'ਚ ਲਿਖਿਆ ਹੁੰਦੈ, "ਸੱਭਿਆਚਾਰਕ ਤੇ ਧਾਰਮਿਕ ਪ੍ਰੋਗਰਾਮਾਂ ਲਈ ਹਮੇਸ਼ਾ ਯਾਦ ਰੱਖੋ, ਰੇਡੀਓ, ਟੀ. ਵੀ. ਕਲਾਕਾਰ ਫ਼ਲਾਣਾ ਸਿਉਂ।" ਇਹ ਗੱਲਾਂ ਕਰਦਾ-ਕਰਦਾ ਪਾਲ ਭਾਵੁਕ ਵੀ ਹੋ ਜਾਂਦਾ ਹੈ ਤੇ ਜਜ਼ਬਾਤੀ ਵੀ ਤੇ ਉਸਦੇ ਮੂੰਹੋਂ ਸ਼ਬਦ ਨਿਕਲਣੋਂ ਬੰਦ ਹੋ ਜਾਂਦੇ ਹਨ।

ਪਾਲ ਦੇ ਵਿਚਾਰਾਂ ਅਨੁਸਾਰ ਜੋ ਅਜੋਕੇ ਕਲਾਕਾਰ ਚੱਲ ਰਹੇ ਹਨ, ਉਨ੍ਹਾਂ ਨੂੰ ਨਾ ਤਾਂ ਪੰਜਾਬੀ ਵਿਰਸੇ ਬਾਰੇ ਹੀ ਜਾਣਕਾਰੀ ਹੈ ਤੇ ਨਾ ਹੀ ਗਾਇਕੀ ਦੇ ਨਿਯਮਾਂ ਦੀ। ਬੱਸ ਪੱਛਮੀ ਸੰਗੀਤ ਅਤੇ ਨੱਚਣ-ਟੱਪਣ ਵਾਲੀਆਂ ਕੁੜੀਆਂ ਦੇ ਜ਼ਰੀਏ ਹੀ ਉਹ ਆਪਣਾ ਪ੍ਰਭਾਵ ਲੋਕਾਂ ਦੇ ਦਿਲੋ-ਦਿਮਾਗ 'ਤੇ ਪਾਉਣਾ ਗਾਇਕੀ ਦਾ ਅਸਲ ਮਕਸਦ ਸਮਝਦੇ ਹਨ, ਜਦ ਕਿ ਅਸਲ ਮਕਸਦ ਤੋਂ ਉਹ ਕੋਰੇ ਅਣਜਾਣ ਹੁੰਦੇ ਹਨ। ਪੰਜਾਬੀ ਗਾਇਕੀ ਦੇ ਇਸ ਤਰ੍ਹਾਂ ਵਿਗੜਦੇ ਸਰੂਪ ਅਤੇ ਅਰਥਹੀਣ ਗਾਇਕੀ ਲਈ ਵਧੇਰੇ ਦੋਸ਼ੀ ਵਿਦੇਸ਼ੀ ਗਾਇਕ ਵੀ

ਹਨ ਕਿਉਂਕਿ ਜਦ ਉਹ ਏਧਰ ਆ ਕੇ ਆਪਣੀ ਗਾਇਕੀ ਦੇ ਰੰਗ ਪੇਸ਼ ਕਰਦੇ ਹਨ ਤਾਂ ਸਾਡੇ ਏਧਰਲੇ ਪੰਜਾਬੀ ਗਾਇਕ ਵੀ ਆਪਣੀਆਂ ਕਦਰਾਂ-ਕੀਮਤਾਂ ਨੂੰ ਮਨਫ਼ੀ ਕਰਕੇ ਉਨ੍ਹਾਂ ਜਿਹੇ ਢਕਵੰਜ ਰਚਣ ਲੱਗ ਜਾਂਦੇ ਹਨ, ਜੋ ਕਿ ਅਤੀ ਮੰਦਭਾਗੀ ਗੱਲ ਹੈ ਤੇ ਜੇਕਰ ਕੁਝ ਦੇਰ ਹੋਰ ਇਸੇ ਤਰ੍ਹਾਂ ਦੀ ਗਾਇਕੀ ਚੱਲੀ ਗਈ ਤਾਂ ਫਿਰ ਚਾਹੇ ਜਿੰਨੀਆਂ ਮਰਜ਼ੀ ਸਮਾਜ ਸੁਧਾਰਕ ਜਾਂ ਹੋਰ ਸੋਸਾਇਟੀਆਂ ਲਹਿਰਾਂ-ਬਹਿਰਾਂ ਚਲਾਈ ਜਾਣ ਪਰ ਉਸਦਾ ਕੋਈ ਫਾਇਦਾ ਨਹੀਂ ਹੋਵੇਗਾ ਕਿਉਂਕਿ ਸੱਪ ਲੰਘਣ ਤੋਂ ਬਾਅਦ ਲੀਹ ਕੁੱਟੀ ਜਾਣਾ ਸਿਆਣਪ ਦਾ ਕੰਮ ਨਹੀਂ ਬਲਕਿ ਮੂਰਖਤਾ ਭਰਿਆ ਕਾਰਜ ਹੁੰਦਾ ਹੈ।

ਇੱਕ ਵਾਰ ਪਾਲ ਪਦਮਪੁਰ ਵਿਖੇ ਪ੍ਰੋਗਰਾਮ ਪੇਸ਼ ਕਰ ਰਿਹਾ ਸੀ ਤਾਂ ਜਦ ਉਸਨੇ 'ਮਹਿਲੀਂ ਆ ਜਾ ਸਾਧੂਆ ਵੇ, ਰਾਣੀ ਸੁੰਦਰਾਂ ਮਿੰਨਤਾਂ ਕਰਦੀ' ਗੀਤ ਗਾਇਆ ਤਾਂ ਭਰੇ ਪੰਡਾਲ ਵਿੱਚੋਂ ਇੱਕ ਸਰੋਤਾ ਜੋ ਹਿੰਦੀ ਬੋਲਦਾ ਸੀ, ਸਟੇਜ 'ਤੇ ਆ ਕੇ ਕਹਿਣ ਲੱਗਿਆ, "ਵਾਹ ਬਈ ਵਾਹ ਪਾਲ ਸਿੰਹਾਂ, ਆਪ ਕੀ ਗਾਇਕੀ ਮੇਂ ਜੋ ਰੰਗਤ ਹਮਨੇ ਆਜ ਦੇਖੀ ਹੈ, ਵੋ ਵਰਸ਼ੋਂ ਪਹਿਲੇ ਕਭੀ ਬੀ ਕਿਸੀ ਗਾਇਕ ਕੀ ਗਾਇਕੀ ਮੇਂ ਨਹੀਂ ਦੇਖੀ। ਆਪ ਕੀ ਤੂੰਬੀ ਕੀ ਏਕ ਤਾਰ ਹੀ ਸਭੀ ਸਾਜੋਂ ਕੋ ਮਾਤ ਦੇਨੇ ਕਾ ਰੁਤਬਾ ਰਖਤੀ ਹੈ, ਇਨਸ਼ਾਲਾ ਖੁਦਾ ਆਪ ਕੀ ਗਾਇਕੀ ਕੋ ਔਰ ਬੀ ਸੁਮੱਤ ਬਖ਼ਸ਼ੇ।" ਚਾਹੇ ਪਾਲ ਆਪਣੇ ਉਸ ਪ੍ਰਸੰਸ਼ਕ ਦਾ ਨਾਂ ਨਹੀਂ ਜਾਣਦਾ ਸੀ ਪਰ ਫਿਰ ਵੀ ਉਸਦੇ ਸ਼ਬਦਾਂ ਨੇ ਪਾਲ ਦੀ ਗਾਇਕੀ ਨੂੰ ਜੋ ਹੌਂਸਲਾ ਦਿੱਤਾ, ਸ਼ਾਇਦ ਏਸੇ ਕਾਰਨ ਹੀ ਉਹ ਅੱਜ ਵੀ ਕੇਵਲ ਤੂੰਬੀ ਦੀ ਤਾਰ ਦੁਆਰਾ ਸੱਭਿਆਚਾਰਕ ਮੇਲਿਆਂ ਵਿੱਚ ਤਸ਼ਰੀਫ਼ ਫ਼ਰਮਾ ਲੋਕਾਂ ਨੂੰ ਅਸ਼-ਅਸ਼ ਕਰਨ ਲਗਾ ਦਿੰਦਾ ਹੈ।

ਪਾਲ ਅਜੋਕੀ ਗਾਇਕੀ ਦੇ ਵਿਗੜ ਚੁੱਕੇ ਸਰੂਪ ਲਈ ਤਕੜੇ ਘਰਾਂ ਦੇ ਮੁੰਡਿਆਂ ਜੋ ਗਾਇਕੀ ਵਿੱਚ ਆਪਣਾ ਨਾਂ ਕਮਾਉਣਾ ਚਾਹੁੰਦੇ ਹਨ, ਨੂੰ ਵੀ ਦੋਸ਼ੀ ਮੰਨਦਾ ਹੈ ਕਿਉਂਕਿ ਉਹ ਟੀ. ਵੀ. ਚੈਨਲਾਂ ਨੂੰ ਗੱਫ਼ੇ ਚੜ੍ਹਾ ਕੇ ਜੋ ਵੀ ਚਾਹੁੰਦੇ ਹਨ, ਗਾ ਦਿੰਦੇ ਹਨ, ਚਾਹੇ ਉਨ੍ਹਾਂ ਦੁਆਰਾ ਗਾਏ ਗੀਤ ਪਰਿਵਾਰ ਵਿੱਚ ਬੈਠ ਕੇ ਸੁਣੇ ਜਾ ਸਕਣ ਜਾਂ ਨਾ, ਇਸ ਗੱਲ ਨਾਲ ਉਨ੍ਹਾਂ ਦਾ ਕੋਈ ਵਾਹ-ਵਾਸਤਾ ਨਹੀਂ ਹੁੰਦਾ। ਇਸ ਤਰ੍ਹਾਂ ਜਿੱਥੇ ਗਾਇਕੀ ਦੇ ਵਿਗੜਦੇ ਸਰੂਪ ਲਈ ਅਜੋਕੇ ਨਵੇਂ ਗਾਇਕ ਜ਼ਿੰਮੇਵਾਰ ਹਨ, ਉੱਥੇ ਟੀ. ਵੀ. ਚੈਨਲਾਂ ਵਾਲੇ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹਨ ਕਿਉਂਕਿ ਚੰਦ ਕਾਗਜ਼ ਦੇ ਟੁਕੜਿਆਂ ਬਦਲੇ ਉਹ ਗਾਇਕੀ ਦੇ ਨਿਯਮਾਂ ਤੋਂ ਉੱਕਾ ਹੀ ਅਣਜਾਣ ਗਾਇਕਾਂ ਨੂੰ ਪਹਿਲ ਦਿੰਦੇ ਹਨ, ਜਿਸ ਨਾਲ ਸਾਡੇ ਸੱਭਿਆਚਾਰਕ ਵਿਰਸੇ ਦਾ ਅਕਸ ਧੁੰਦਲਾ ਹੁੰਦਾ ਹੈ।

ਵੈਸੇ ਵੀ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਨੰਗੇਜ਼ਪੂਰਨ ਅਤੇ ਊਲ-ਜਲੂਲ ਗਾਇਕੀ ਦੇ ਅਜੋਕੇ ਦੌਰ ਨੇ ਅਰਥਭਰਪੂਰ ਅਤੇ ਯਥਾਰਥਵਾਦੀ ਗਾਇਕਾਂ



ਜਿੰਨ੍ਹਾਂ ਨੂੰ ਹੁਣ ਤੋਂ ਵੀਹ-ਤੀਹ ਵਰ੍ਹੇ ਪਹਿਲਾਂ ਗਾਇਕੀ ਦੀ ਸ਼ਾਨ ਸਮਝਿਆ ਜਾਂਦਾ ਸੀ, ਉਨ੍ਹਾਂ ਦੇ ਨਾਵਾਂ ਤੋਂ ਅੱਜ ਕੱਲ੍ਹ ਦੀ ਅਜੋਕੀ ਪੀੜ੍ਹੀ ਕੋਰੀ ਅਣਜਾਣ ਹੈ। ਇਸ ਦਾ ਇਹੀ ਕਾਰਨ ਹੈ ਕਿ ਅੱਜ ਪੱਛਮੀ ਸੰਗੀਤ ਦੇ ਸ਼ੋਰ-ਸ਼ਰਾਬੇ ਅਤੇ ਗਾਇਕੀ ਦੇ ਅਜੋਕੇ ਨੱਚਣ-ਟੱਪਣ ਵਾਲੇ ਦੌਰ ਵਿੱਚ ਪੁਰਾਤਨ ਗਾਇਕਾਂ ਦਾ ਅਕਸ ਧੁੰਦਲਾ ਹੋ ਚੁੱਕਾ ਹੈ। ਅਜੋਕੀ ਨੌਜਵਾਨ ਪੀੜ੍ਹੀ ਵਿੱਚੋਂ ਅੱਧ ਤੋਂ ਵਧੇਰੇ ਨੂੰ ਪੁਰਾਤਨ ਤਵਿਆਂ ਵਾਲੇ ਗੀਤਾਂ ਬਾਰੇ ਕੋਈ ਸੋਝੀ ਨਹੀਂ ਹੈ, ਇਸਦਾ ਕਾਰਨ ਇਹੀ ਹੈ ਕਿ ਉਨ੍ਹਾਂ ਨੂੰ ਆਪਣੀਆਂ ਪੁਰਾਤਨ ਸੱਭਿਆਚਾਰਕ ਕਦਰਾਂ-ਕੀਮਤਾਂ ਬਾਰੇ ਸੋਚਣ ਦੀ ਫੁਰਸਤ ਹੀ ਨਹੀਂ ਮਿਲਦੀ, ਜਿਸਦੇ ਫਲਸਰੂਪ ਆਉਣ ਵਾਲੇ ਸਮੇਂ ਵਿੱਚ ਇਹੋ ਜਿਹੇ ਤਵਿਆਂ ਵਾਲੇ ਗੀਤਾਂ ਦੇ ਨਮੂਨੇ ਕੇਵਲ ਪ੍ਰਦਰਸ਼ਨੀਆਂ ਵਾਲੀਆਂ ਥਾਵਾਂ 'ਤੇ ਰੱਖਣ ਦੇ ਯੋਗ ਹੀ ਰਹਿ ਜਾਣਗੇ।

ਪਾਲ ਅਜੋਕੀ ਅਰਥਹੀਣ ਅਤੇ ਲੱਚਰ ਗਾਇਕੀ ਲਈ ਜਿੰਨਾ ਦੋਸ਼ੀ ਗਾਇਕਾਂ ਨੂੰ ਮੰਨਦਾ ਹੈ, ਉਸਤੋਂ ਵਧੇਰੇ ਦੋਸ਼ੀ ਉਹ ਅੱਜ ਕੱਲ੍ਹ ਦੇ ਸਰੋਤਿਆਂ ਨੂੰ ਵੀ ਮੰਨਦਾ ਹੈ, ਕਿਉਂਕਿ ਸਰੋਤੇ ਬਿਨਾਂ ਕੁਝ ਸੋਚੇ ਵਿਚਾਰੇ ਊਲ-ਜਲੂਲ ਅਤੇ ਊਟ-ਪਟਾਂਗ ਗਾਉਣ ਵਾਲੇ ਗਾਇਕਾਂ ਦੀ ਹੀ ਹੌਂਸਲਾ ਅਫ਼ਜਾਈ ਕਰਦੇ ਰਹਿੰਦੇ ਹਨ। ਜਿਸਦੇ ਫਲਸਰੂਪ ਗਾਇਕੀ ਦੇ ਅਜੋਕੇ ਮੁਕਾਮ ਵਿੱਚ ਹੋਰ ਵੀ ਨਿਘਾਰ ਆਉਂਦਾ ਜਾ ਰਿਹਾ ਹੈ। ਪਾਲ ਅਨੁਸਾਰ ਜੇਕਰ ਅੱਜ ਕੱਲ ਦੇ ਸੂਝਵਾਨ ਸਰੋਤੇ ਅਜਿਹੇ ਗਾਇਕਾਂ ਤੋਂ ਮੂੰਹ ਫੇਰ ਲੈਣ ਤਾਂ ਹੀ ਇਹੋ ਜਿਹੀ ਅਰਥਹੀਣ ਗਾਇਕੀ ਦਾ ਅੰਤ ਹੋ ਸਕਦਾ ਹੈ ਕਿਉਂਕਿ ਸਰੋਤਿਆਂ ਦੁਆਰਾ ਇਸ ਤਰ੍ਹਾਂ ਕਰਨ ਨਾਲ ਜਦ ਗਾਇਕ ਨੂੰ ਪਤਾ ਲੱਗੇਗਾ ਕਿ ਹੁਣ ਉਸਦੀ ਗਾਇਕੀ ਨੂੰ ਦੁਰਕਾਰਿਆ ਜਾ ਰਿਹਾ ਹੈ ਤਾਂ ਕੁੱਝ ਸਮੇਂ ਬਾਅਦ ਉਸਨੂੰ ਖੁਦ ਹੀ ਅਜਿਹੀ ਗਾਇਕੀ ਤੋਂ ਨਸੀਹਤ ਪੈ ਜਾਵੇਗੀ। ਸਰੋਤਿਆਂ ਦੇ ਇਸ ਕਾਰਜ ਨਾਲ ਜਿੱਥੇ ਪੁਰਾਤਨ ਗਾਇਕੀ ਦੇ ਵਾਰਸ ਗਾਇਕਾਂ ਦਾ ਨਾਂ ਵੀ ਅਜੋਕੇ ਸਮੇਂ ਦੇ ਸਰੋਤਿਆਂ ਦੇ ਦਿਲੋ-ਦਿਮਾਗ ਵਿੱਚ ਚਿਰ ਸਥਾਈ ਸਮੇਂ ਤੱਕ ਜੀਵਿਤ ਰਹੇਗਾ, ਉੱਥੇ ਅਜੋਕੇ ਸੱਭਿਆਚਾਰਕ ਵਿਰਸੇ 'ਤੇ ਲੱਗ ਰਹੇ ਪ੍ਰਸ਼ਨ ਚਿੰਨ੍ਹ ਨੂੰ ਵੀ ਮਿਟਾਇਆ ਜਾ ਸਕੇਗਾ।

# ਪਾਲ ਦੇ ਰੇਡੀਓ ਤੋਂ ਆਏ ਗੀਤ

ਵੈਸੇ ਤਾਂ 1960 ਤੋਂ ਬਾਅਦ ਪਾਲ ਦੇ ਰੇਡੀਓ ਤੋਂ ਸੈਂਕੜੇ ਗੀਤ ਰਿਕਾਰਡ ਹੋਏ ਅਤੇ ਹੁਣ ਵੀ ਉਹ ਰੇਡੀਓ ਸਟੇਸ਼ਨ ਦਾ 'ਬੀ ਹਾਈ' ਕਲਾਕਾਰ ਹੈ। ਪਾਲ ਦੁਆਰਾ ਰੇਡੀਓ ਤੋਂ ਪੇਸ਼ ਕੀਤੇ ਗਏ ਗੀਤਾਂ ਦੀ ਉਂਗਲਾਂ ਦੇ ਪੋਟਿਆਂ 'ਤੇ ਗਿਣਤੀ ਕਰਨੀ ਔਖੀ ਹੀ ਨਹੀਂ ਬਲਕਿ ਅਸੰਭਵ ਕਾਰਜ ਵੀ ਹੈ। ਚਾਹੇ ਅੱਜ ਮੀਡੀਏ ਦੇ ਹੋਰ ਸਾਧਨ ਹੋਂਦ ਵਿੱਚ ਆਉਣ ਕਰਕੇ ਰੇਡੀਓ ਨੂੰ ਆਮ ਸਰੋਤੇ ਅੱਖੋਂ-ਪਰੋਖੇ ਕਰ ਰਹੇ ਹਨ ਪ੍ਰੰਤੂ ਫਿਰ ਵੀ ਪੁਰਾਤਨ ਗਾਇਕਾਂ ਦੀ ਗਾਇਕੀ ਦੀਆਂ ਮਿਸਾਲਾਂ ਦੇਣ ਲਈ ਅੱਜ ਵੀ ਰੇਡੀਓ ਇੱਕ ਪ੍ਰਤੱਖ ਸਬੂਤ ਹੈ। ਪਾਲ ਦੁਆਰਾ ਰੇਡੀਓ ਤੋਂ ਚਰਚਿਤ ਹੋਏ ਕੁੱਝ ਗਿਣਵੇਂ-ਚੁਣਵੇਂ ਗੀਤਾਂ ਦੇ ਨਾਂ ਇਸ ਪ੍ਰਕਾਰ ਹਨ:

-ਪਾਲੀ ਪਾਣੀ ਖੂਹ ਤੋਂ ਭਰੇ।
(ਸਵ: ਗੁਰਦੀਪ ਘੋਲੀਆ)
-ਪੈਸਾ ਜਿਵੇਂ ਨਚਾਈ ਜਾਂਦਾ, ਦੁਨੀਆਂ ਨੱਚੀ ਜਾਂਦੀ ਐ।
(ਗੁਰਾਂਦਿੱਤਾ ਸਿੰਘ ਸੰਧੂ)
-ਨਾਜ਼ੁਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
(ਮਹਾਂਕਵੀ ਹਾਸ਼ਮ ਸ਼ਾਹ)
- ਰੱਬ ਜਾਣਦਾ ਏ ਆਸ਼ਕਾਂ ਦੇ ਦੁੱਖ ਨੂੰ।
(ਸਾਧੂ ਸਦਾ ਰਾਮ ਦਾ ਕਿੱਸਾ)
-ਜਿੰਦੂਆ ਤੇ ਬਿੰਦੂਆ ਸਕੇ ਭਰਾ।
(ਬਾਬੂ ਸਿੰਘ ਮਾਨ)
-ਸੁੱਤੀ ਪਈ ਨੂੰ ਦਿਨ ਚੜ੍ਹ ਗਿਆ, ਵੇ ਮੈਂ ਖੇਡਣ ਜਾਣਾ ਦੂਰ।
-ਦੋ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ।
-ਰੋਡੇ ਜੱਟ ਨੇ ਧਾਹਾਂ ਮਾਰੀਆਂ, ਕੋਲ ਦੁੱਲੇ ਦੇ ਜਾ ਕੇ।
-ਜੋਗੀ ਖੜ੍ਹਾਂ ਤੇਰੇ ਦੁਆਰੇ, ਪਾਵੀਂ ਖੈਰ ਸਹਿਤੀਏ।
-ਇੱਕ ਨੁਕਤੇ ਵਿੱਚ ਗੱਲ ਮੁਕਦੀ ਏ।
(ਬਾਬਾ ਬੁੱਲੇ ਸ਼ਾਹ ਦੀ ਕਾਫ਼ੀ)
-ਤੇਰਾ ਲੁੱਟਿਆ ਸ਼ਹਿਰ ਭੰਬੋਰ।
(ਮਹਾਂਕਵੀ ਹਾਸ਼ਮ ਸ਼ਾਹ)



-ਚਮਕੀ ਆਣ ਦੁਪਹਿਰਾਂ ਵੇਲੇ, ਗਰਮੀ ਗਰਮ ਬਹਾਰੇ।
(ਹਾਸ਼ਮ ਸ਼ਾਹ)
-ਮਹਿਲੀ ਜਾ ਆ ਸਾਧੂਆ ਵੇ, ਰਾਣੀ ਸੁੰਦਰਾਂ ਮਿੰਨਤਾਂ ਕਰਦੀ।
(ਨੱਥਾ ਸਿੰਘ ਸਮਾਲਸਰਵੀ)
-ਸੂਲੀ ਤਾਣ ਧਰੀ ਵਜ਼ੀਰਾਂ।
(ਹਾਸ਼ਮ ਸ਼ਾਹ)
-ਜੁਗਨੀ।
-ਸਿੱਖੀ ਦਾ ਬੂਟਾ।
(ਪ੍ਰੋ: ਮੋਹਨ ਸਿੰਘ)
-ਵਹਿਗੁਰੂ ਅੱਲਾ, ਰਾਮ, ਖੁਦਾ, ਈਸ਼ਵਰ ਤੈਥੋਂ ਨਹੀਂ ਜੁਦਾ।
(ਸੋਹਣ ਸਿੰਘ ਬਰਾੜ)
-ਸਤਿਨਾਮ-ਸਤਿਨਾਮ ਬੋਲ ਪਿਆਰਿਆ।
(ਜਨਾਬ ਅਜੀਤ ਜੀ)
-ਆ ਕੇ ਸੰਤਾਂ ਦੇ ਦੁਆਰੇ ਦੁੱਖ ਦੂਰ ਹੁੰਦੇ ਨੇ।
(ਦੀਪਕ ਜੈਤੋਈ)
-ਬਾਬਾ ਨੰਦ ਸਿੰਘ ਆ ਗਏ, ਚੁੱਕ ਦਿੱਤਾ ਹਨੇਰਾ।
(ਦੀਪਕ ਜੈਤੋਈ)

# ਟੈਲੀਵੀਜ਼ਨ ਤੋਂ ਆਏ ਗੀਤ

ਚਾਹੇ ਪਾਲ ਨੂੰ ਰੇਡੀਓ ਤੋਂ ਗਾਉਣ ਦਾ ਮੌਕਾ ਬਹੁਤ ਜਲਦੀ ਮਿਲ ਗਿਆ ਸੀ ਪ੍ਰੰਤੂ ਦੂਰਦਰਸ਼ਨ ਕੇਂਦਰ ਤੋਂ ਗਾਉਣ ਦਾ ਮੌਕਾ ਪਾਲ ਨੂੰ ਕਾਫ਼ੀ ਦੇਰ ਬਾਅਦ ਮਿਲਿਆ। ਇਸਦਾ ਇੱਕ ਕਾਰਨ ਇਹ ਵੀ ਸੀ ਕਿ ਪਾਲ ਨੇ ਖੁਦ ਕਦੇ ਵੀ ਦੂਰਦਰਸ਼ਨ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਪਾਲ ਸਮਝਦਾ ਸੀ ਕਿ ਦੂਰਦਰਸ਼ਨ ਕੇਂਦਰ 'ਤੇ ਪੈਸਿਆਂ ਬਿਨਾਂ ਕੋਈ ਬਾਤ ਨਹੀਂ ਪੁੱਛਦਾ ਤੇ ਪੈਸਾ ਉਸ ਪੱਲੇ ਹੈ ਨਹੀਂ ਸੀ, ਜਿਸ ਸਦਕਾ ਉਹ ਲੰਬਾ ਸਮਾਂ ਟੈਲੀਵੀਜ਼ਨ ਵੱਲੋਂ ਚੁੱਪ ਵੱਟੀ ਬੈਠਾ ਰਿਹਾ। ਪਰ ਜਦ ਦੂਰਦਰਸ਼ਨ ਕੇਂਦਰ ਦੇ ਡਾਇਰੈਕਟਰ ਲਖਵਿੰਦਰ ਸਿੰਘ ਜੌਹਲ ਜੀ ਨੇ ਪਾਲ ਨੂੰ ਖੁਦ ਆਪਣੇ ਗੀਤਾਂ ਦੀ ਰਿਕਾਰਡਿੰਗ ਕਰਵਾਉਣ ਲਈ ਕਿਹਾ ਤਾਂ ਪਾਲ ਦੀ ਹੈਰਾਨੀ ਦੀ ਕੋਈ ਸੀਮਾ ਨਾ ਰਹੀ। ਪਾਲ ਨੇ ਆਪਣਾ ਪਹਿਲਾ ਗੀਤ 1993 ਵਿੱਚ ਦੂਰਦਰਸ਼ਨ ਕੇਂਦਰ ਤੋਂ "ਪਾਲੀ ਪਾਣੀ ਖੂਹ ਤੋਂ ਭਰੇ" ਪੇਸ਼ ਕੀਤਾ ਸੀ ਤੇ ਇਸ ਗੀਤ ਨੇ ਇੰਨੀ ਪ੍ਰਸਿੱਧੀ ਹਾਸਿਲ ਕੀਤੀ ਕਿ ਦੂਰਦਰਸ਼ਨ ਕੇਂਦਰ ਨੂੰ ਹਰ ਮਹੀਨੇ ਸੈਂਕੜੇ ਹੀ ਪੱਤਰ ਪ੍ਰਾਪਤ ਹੁੰਦੇ ਕਿ ਦੁਬਾਰਾ ਫਿਰ ਕਿਸੇ ਨਾ ਕਿਸੇ ਪ੍ਰੋਗਰਾਮ ਵਿੱਚ ਪਾਲ ਦੇ ਉਸੇ ਗੀਤ ਨੂੰ ਫਿਰ ਸੁਣਾਇਆ ਜਾਵੇ। ਸੋ ਬਾਅਦ ਵਿੱਚ ਉਸਦੇ ਅਨੇਕਾਂ ਹੋਰ ਗੀਤ ਦੂਰਦਰਸ਼ਨ ਕੇਂਦਰ ਤੋਂ ਲੋਕਾਂ ਦੇ ਸਨਮੁੱਖ ਹੋਏ, ਜੋ ਪਾਲ ਨੂੰ ਸਿਰੜੀ ਦੇ ਪ੍ਰਪੱਕ ਗਾਇਕ ਦਰਸਾਉਣ ਲਈ ਵਚਨਬੱਧ ਸਿੱਧ ਹੋਏ। ਵੈਸੇ ਤਾਂ ਪਾਲ ਨੇ ਦੂਰਦਰਸ਼ਨ ਕੇਂਦਰ ਤੋਂ ਕਈ ਗੀਤ ਗਾਏ ਪ੍ਰੰਤੂ ਫਿਰ ਵੀ ਜੋ ਗੀਤ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਆਪ ਮੁਹਾਰੇ ਆਉਣ ਦਾ ਰੁਤਬਾ ਰੱਖਦੇ ਹਨ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ :

–ਪਾਲੀ ਪਾਣੀ ਖੂਹ ਤੋਂ ਭਰੇ।
(ਗੁਰਦੀਪ ਘੋਲੀਆ)
(ਇਹ ਗੀਤ ਦੂਰਦਰਸ਼ਨ ਕੇਂਦਰ ਤੋਂ 16 ਵਾਰ ਟੈਲੀਕਾਸਟ ਹੋਇਆ)
–ਇਹ ਦੁਨੀਆਂ ਪੁੱਤਰ ਪੈਸੇ ਦੀ।
(ਗੁਰਾਂਦਿੱਤਾ ਸਿੰਘ ਸੰਧੂ ਸੁੱਖਣਵਾਲਾ, 1997)
–ਦਾਤੇ ਦੀਆਂ ਬੇਪ੍ਰਵਾਹੀਆਂ ਤੋਂ ਤੂੰ ਲਾਪ੍ਰਵਾਹਾ ਡਰਿਆ ਕਰ।
(ਨੰਦ ਲਾਲ ਨੂਰਪੁਰੀ, 1999)
–ਅਜੇ ਵੀ ਨ੍ਹੀਂ ਭੁੱਲੀ ਪਾਲੀ ਯਾਦ ਆਉਂਦੀ ਰਹਿੰਦੀ ਐ।



(ਕਰਮ ਸਿੰਘ ਭੱਟੀ, 1999)
–ਮੈਨੂੰ ਵਿਦਾ ਕਰੋ ਸਖੀਓ, ਮੇਰੀ ਵਾਟ ਲੰਮੇਰੀ ਏ।
(ਬਾਬੂ ਸਿੰਘ ਮਾਨ, 1999)
–ਦੋ ਤਾਰਾ ਵੱਜਦਾ ਵੇ ਰਾਂਝਣਾਂ ਨੂਰ ਮਹਿਲ ਦੀ ਮੋਰੀ।
(1999)

# ਕੁੱਝ ਚੋਣਵੇਂ ਗੀਤ



1.
ਪਾਲੀ ਪਾਣੀ ਖੂਹ ਤੋਂ ਭਰੇ।

ਉਹਦੇ ਇਨੂੰ ਨੂੰ ਸਿਤਾਰੇ, ਜਿਵੇਂ ਅੰਬਰਾਂ 'ਚ ਤਾਰੇ।
ਉਹਦੀ ਹਿੱਕ 'ਤੇ ਜੰਜ਼ੀਰੀ ਲਮਕੇ, ਜਦੋਂ ਘੜਾ ਲਿਫ਼ ਕੇ ਧਰੇ।
ਪਾਲੀ ਪਾਣੀ ਖੂਹ ਤੋਂ ਭਰੇ।

ਜਦੋਂ ਆਵੇ ਘੜਾ ਲੈਣ, ਮੁੰਡੇ ਉੱਠ-ਉੱਠ ਬਹਿਣ।
ਹਰ ਇੱਕ ਸੀ ਦੂਜੇ ਦੇ ਕੋਲੋਂ ਪੁੱਛਦਾ, ਹੀਰ ਆਈ ਕਿੰਨਾਂ ਦੇ ਘਰੇ।
ਪਾਲੀ ਪਾਣੀ ਖੂਹ ਤੋਂ ਭਰੇ।

ਪੱਬ ਜਾਣ ਕੇ ਮਰੋੜੇ, ਲੱਕ ਖਾਵੇ ਲਿਚਕੋਰੇ।
ਉਹਦੀ ਤੋਰ ਨੇ ਕੀਲ ਲਏ ਗੱਭਰੂ, ਉਹਦੇ ਅੱਗੇ ਜ਼ੋਰ ਕੀ ਕਰੇ।
ਪਾਲੀ ਪਾਣੀ ਖੂਹ ਤੋਂ ਭਰੇ।

ਪਾਣੀ ਭਰ ਮੁਟਿਆਰ, ਬਣੀ ਗਿੱਧੇ ਦਾ ਸ਼ਿੰਗਾਰ,
ਉਹਨੂੰ ਕੁੜੀਆਂ ਨੇ ਘੱਤ ਲਿਆ ਘੇਰਾ, ਮੁੰਡੇ ਸਭ ਕੰਧਾਂ 'ਤੇ ਚੜ੍ਹੇ।
ਪਾਲੀ ਪਾਣੀ ਖੂਹ ਤੋਂ ਭਰੇ।

ਬੋਲੀ 'ਘੋਲੀਏ' ਨੇ ਚੱਕੀ, ਐਸਾ ਗਿੱਧੇ ਵਿੱਚ ਨੱਚੀ,
ਆ ਕੇ ਮੁੜ੍ਹਕਾ ਲੈ ਚੋਂਦੀ ਕੁੜਤੀ, ਤੇ ਨੱਚਣੋਂ ਬੱਸ ਨਾ ਕਰੇ।
ਪਾਲੀ ਪਾਣੀ ਖੂਹ ਤੋਂ ਭਰੇ।

(**ਗੁਰਦੀਪ ਘੋਲੀਆ**)

2.
ਅਜੇ ਵੀ ਨ੍ਹੀਂ ਭੁੱਲੀ ਪਾਲੀ, ਯਾਦ ਆਉਂਦੀ ਰਹਿੰਦੀ ਐ।
ਛੱਡਦੀ ਨੀਂ ਜਿਉਣ ਜੋਗਾ, ਜਾਨ ਕੱਢ ਲੈਂਦੀ ਐ।

ਕਦੇ ਆਪਾਂ ਹੁੰਦੇ ਇੱਕ ਦੂਜੇ ਦੀ ਉਡੀਕ ਸਾਂ।
ਦੂਰ-ਦੂਰ ਰਹਿੰਦੇ ਵੀ ਕਿੰਨੇ ਨਜ਼ਦੀਕ ਸਾਂ।
ਪਤਾ ਨਹੀਂ ਸੀ ਪਿਆਰਿਆਂ 'ਚ, ਐਨੀ ਵਿੱਥ ਪੈਂਦੀ ਐ।
ਅਜੇ ਵੀ ਨ੍ਹੀਂ ਭੁੱਲੀ ਪਾਲੀ......।

ਹੁਣ ਸਾਨੂੰ ਭੋਰਾ ਵੀ ਨਾ ਮਾਣ ਤੇਰੇ ਪਿਆਰ 'ਤੇ।
ਰਹਿੰਦੇ-ਖੂੰਹਦੇ ਲੋਕਾਂ ਦਿਆਂ ਤਾਹਨਿਆਂ ਨੇ ਮਾਰ ਤੇ।
ਕਰੀਏ ਕੀ ਦੁਨੀਆਂ ਮੂੰਹ ਆਈ ਗੱਲ ਕਹਿੰਦੀ ਐ।
ਅਜੇ ਵੀ ਨ੍ਹੀਂ ਭੁੱਲੀ ਪਾਲੀ......।

ਰੋਂਦੇ ਅੱਜ ਚੰਨ ਉਨ੍ਹਾਂ ਚਾਨਣੀਆਂ ਰਾਤਾਂ ਦੇ।
ਜਿੰਨਾਂ 'ਚ ਸੁਨਹਿਰੀ ਮੌਕੇ ਮਿਲੇ ਮੁਲਾਕਾਤਾਂ ਦੇ।
ਅੱਜ ਸਾਡੀ ਆਸ ਕੱਚੀ ਕੰਧ ਵਾਂਗੂੰ ਢਹਿੰਦੀ ਐ।
ਅਜੇ ਵੀ ਨ੍ਹੀਂ ਭੁੱਲੀ ਪਾਲੀ......।

'ਮਾੜੀ ਵਾਲੇ ਭੱਟੀ' ਵਾਂਗੂੰ, ਝੋਰਿਆਂ ਨੇ ਖਾ ਲਿਆ।
ਮੌਤ ਵਾਂਗੂੰ ਜੀਹਨੇ ਸਾਰੀ ਜਿੰਦ ਨੂੰ ਹੰਢਾ ਲਿਆ।
ਸਹਿਕਦੀ ਏ ਜਾਨ ਮੇਰੀ, 'ਪਾਲ-ਪਾਲ' ਕਹਿੰਦੀ ਐ।
ਅਜੇ ਵੀ ਨ੍ਹੀਂ ਭੁੱਲੀ ਪਾਲੀ.....।

**(ਕਰਮ ਸਿੰਘ ਮਾੜੀ ਮੁਸਤਫ਼ਾ)**



3.
ਬਾਲਮਾਂ ਸੌਂ ਜਾਵਾਂ, ਮੇਰੀ ਅੱਖੀਆਂ 'ਚ ਨੀਂਦਰ ਰੜਕੇ।

ਗੋਹਾ ਕੂੜਾ ਹੂੰਝਦੀ ਦਾ ਬੀਤਿਆ ਜਨਮ ਮੇਰਾ,
ਪਹਿਲਾਂ ਪੀਹਾਂ ਫੇਰ ਮੈਂ ਪਕਾਵਾਂ।
ਊਰੀ ਵਾਂਗੂੰ ਘੁਕਦੀ ਦੀ ਲੰਘ ਜੇ ਦਿਹਾੜੀ ਸਾਰੀ,
ਅੱਡੀ ਨਾ ਮੈਂ ਭੋਇੰ ਉੱਤੇ ਲਾਵਾਂ।
ਅੱਜ ਮੈਂ ਦੁਪਹਿਰੇ ਰਤਾ ਅੱਖ ਲਾ ਲੀ ਥੱਕੀ ਵੀ ਨੇ,
ਮਰ ਗਈ ਜੇਠਾਣੀ ਲੜ ਕੇ।
ਬਾਲਮਾਂ ਸੌਂ ਜਾਵਾਂ......।

ਮਿੱਠੇ ਥੰਦੇ ਵਾਲੀ ਕੋਠੀ ਹੱਥ ਵੀ ਨਾ ਲਾਉਣਾ ਮਿਲੇ,
ਆਪਣੇ ਹੀ ਘਰ ਮੈਂ ਬੇਗਾਨੀ ਆਂ।
ਉਹੀ ਮੇਰੇ ਨਾਲ ਚੰਨਾ ਬੋਲਦਾ ਕਚੂਚ ਹੋ ਕੇ,
ਜੀਹਨੂੰ ਵੀ ਮੈਂ ਹੱਸ ਕੇ ਬੁਲਾਉਨੀ ਆਂ।
ਚੱਪਾ ਟੁੱਕ ਦੂਜੀ ਵਾਰੀ ਮੰਗਾਂ ਤੇਰੀ ਅੰਮੜੀ ਤੋਂ,
ਬੋਲਦੀ ਹਜ਼ਾਰ ਗੱਲਾਂ ਸੜ ਕੇ।
ਬਾਲਮਾਂ ਸੌਂ ਜਾਵਾਂ......।

ਬਿੰਦੇ ਝੱਟੇ ਮਿਹਣੇ ਮੈਨੂੰ ਮਾਰਦੀ ਨਣਾਨ ਛੋਟੀ,
ਆਖੇ ਪੇਕਿਆਂ ਤੋਂ ਟਹਿਲਣੀ ਬੁਲਾ ਲੈ ਨੀਂ।
ਕੱਲ ਖਾਵੇ ਨਾਸਪਾਤੀ ਕਿਹਾ ਮੈਂ ਵਖਾਈਂ ਭੋਰਾ,
ਆਖਦੀ ਨਿਖੱਟੂ ਤੋਂ ਮੰਗਾ ਲੈ ਨੀਂ।
ਲੱਗਾ ਹੋਵੇਂ ਨੌਕਰੀ ਜਾਂ ਚਾਕਰੀ ਤੇ ਰਾਂਝਿਆ ਵੇ,
ਮੈਂ ਤਾਂ ਵੰਡਾਵਾਂ ਹਿੱਸਾ ਅੜ ਕੇ।
ਬਾਲਮਾਂ ਸੌਂ ਜਾਵਾਂ......।

**(ਦੀਪਕ ਜੈਤੋਈ)**

4.
ਤੋੜ ਮੁਹੱਬਤਾਂ ਗਲੀ ਮੇਰੀ 'ਚੋਂ, ਲੰਘ ਚੱਲਿਐਂ ਚੁੱਪ ਕੀਤਾ ਵੇ।
ਹਿਜ਼ਰ ਤੇਰੇ ਦਾ ਜ਼ਹਿਰ ਪਿਆਲਾ, ਗਟ-ਗਟ ਕਰਕੇ ਪੀਤਾ ਵੇ।

ਸਾਂਝ ਸਵੇਰੇ ਸਾਡੇ ਵਿਹੜੇ, ਪਾਉਂਦਾ ਰਿਹਾ ਸਾਂ ਫੇਰੇ ਵੇ।
ਅੱਖਾਂ ਦੇ ਵਿੱਚ ਭਰ-ਭਰ ਹੰਝੂ, ਕਰੇ ਕਰਾਰ ਬਥੇਰੇ ਵੇ।
ਕੇਹੜੀ ਗੱਲੋਂ ਚੰਨ ਲਾੜਿਆ, ਹੋ ਚੱਲਿਐਂ ਬਦਨੀਤਾ ਵੇ,
ਤੋੜ ਮੁਹੱਬਤਾਂ ਗਲੀ ਮੇਰੀ 'ਚੋਂ......।

ਜਿਨ ਟਕਿਆਂ ਦੀ ਖ਼ਾਤਿਰ ਬੀਬਾ, ਤੂੰ ਨਵੇਂ ਆਲ੍ਹਣੇ ਮੱਲੇ ਵੇ,
ਥਿਰ ਨਹੀਂ ਇਹ ਕੂੰਜੀਦੀ ਪਰਥਾ, ਨਾ ਪੈਣਾ ਕੁਝ ਪੱਲੇ ਵੇ।
ਇੱਕੋ ਥਿਰ ਹੈ ਚੰਨ ਲਾੜਿਆ, ਪਾਕਿ ਇਸ਼ਕ ਦੀ ਗੀਤਾ ਵੇ।
ਤੋੜ ਮੁਹੱਬਤਾਂ ਗਲੀ ਮੇਰੀ 'ਚੋਂ......।

ਬੂਟਾ ਇੱਕ ਪਿਆਰ ਦਾ ਅੜਿਆ ਹੁਸਨ ਬਾਗ ਵਿੱਚ ਲਾਇਆ ਵੇ।
ਮਿਲਣੀ ਦਾ ਦੇ-ਦੇ ਕੇ ਪਾਣੀ, ਉਹ ਗਭਰੀਟ ਬਣਾਇਆ ਵੇ।
ਫੁੱਲ ਨਾ ਲੱਗਣ ਦਿੱਤੇ ਡਾਲੀ, ਪੁੱਟ ਜੜ੍ਹਾਂ ਤੋਂ ਲੀਤਾ ਵੇ।
ਤੋੜ ਮੁਹੱਬਤਾਂ ਗਲੀ ਮੇਰੀ 'ਚੋਂ......।

ਤੂੰ ਜੀਵੇਂ ਤੇ ਜੁੱਗ-ਜੁੱਗ ਜੀਵੇ, ਤੇਰੀ ਸ਼ੈਲ ਜਵਾਨੀ ਵੇ।
ਪਰ ਅਸਾਂ ਤਾਂ ਨਹੀਂ ਰਹਿਣ ਦੇਣੀ, ਟਕਿਆਂ ਵੱਤ ਕਹਾਣੀ ਵੇ।
'ਪਾਲ' ਪਰਨ, ਜੀਵਨ ਵਿੱਚ ਇੱਕੋ, ਇਹੀਆ ਈ ਮੈਂ ਕੀਤਾ ਵੇ।
ਤੋੜ ਮੁਹੱਬਤਾਂ ਗਲੀ ਮੇਰੀ 'ਚੋਂ......।

**(ਗੁਰਪਾਲ ਚੋਟੀਆਂ)**



5.
ਨਈਂ ਨਿਭਣੀ ਜੇਠਾਣੀ ਨਾਲ।

ਨਿੱਤ ਦੇ ਕਚੀਰੇ ਨਾਲੋਂ ਵੰਡ ਭੋਇੰ ਭਾਂਡਾ,
ਹੁਣ ਖੱਜਲ-ਖੁਆਰ ਪਾਉਣੀ ਰਾਂਦ ਨਹੀਂ।
ਲੋਹੇ ਉੱਤੇ ਲੀਕ ਸੜੇ ਮੱਥੇ ਵਾਲੀ ਨਾਲੋਂ,
ਵੱਖ ਹੋਇਆਂ ਬਿੰਦ ਵੀ ਜਰਾਂਦ ਨਹੀਂ।
ਕਿੱਥੇ ਤੇਰੀ ਮੱਤ ਤੈਨੂੰ ਇੱਕ ਵੀ ਨੀਂ ਪੋਹਦੀਂ,
ਸਾਡਾ ਚਾਕਰਾਂ ਤੋਂ ਡਾਢਾ ਬੁਰਾ ਹਾਲ।
   ਚੁੱਲ੍ਹੇ, ਚੌਂਕੇ, ਚੌਂਤਰੇ ਨੇ, ਖਾ ਲੀ ਮੇਰੀ ਜਿੰਦ,
   ਪੀਹਵਾਂ, ਗੁੰਨਾਂ ਤੇ ਪਕਾਵਾਂ ਧੜੀ ਅੰਨ ਵੇ।
   ਉੱਚਾ-ਨੀਵਾਂ ਬੋਲਾਂ ਰੈਸਾ ਪਾਉਂਦੇ ਜੇ ਨਿਆਣਿਆਂ ਨੂੰ,
   ਭਰਦੀ ਐ ਫੇਰ ਤੇਰੇ ਕੰਨ ਵੇ।
   ਅਸੀਂ ਢਾਈ ਟੋਟਰੂ ਤੇ ਖਾਂਦੇ ਤਿੰਨ ਗੁੱਲੀਆਂ,
   ਤੇ ਜੇਠ ਦੇ ਪਲਟਣਾਂ ਬਾਲ।
ਜੇਠ ਵੀ ਪੰਚਾਇਤੀ ਤੇ ਜੇਠਾਣੀ ਹੱਥ ਕੁੰਜੀਆਂ,
ਉਹ ਗੋਝੀਆਂ ਹੈ ਸਾਂਭ-ਸਾਂਭ ਰੱਖਦੀ।
ਸਾਨੂੰ ਲੱਸੀ ਖੱਟੀ, ਆਪ ਖਾਂਵਦੇ ਪੰਜੀਰੀਆਂ ਵੇ,
ਆਵੇ ਨਾ ਸਮਝ ਤੈਨੂੰ ਕੱਖ ਦੀ।
ਪੰਜ ਤਿੰਨ ਕੀਤੀ ਕਹਿੰਦਾ ਸੇਕ ਦੂੰਗਾ ਵੱਖੀਆਂ,
ਤੂੰ ਜੇਠ ਨੂੰ ਕਹਿ, ਜੀਭ ਨੂੰ ਸੰਭਾਲ।
   ਤੈਨੂੰ ਕਹਿੰਦੇ ਯੱਭਲ ਤੇ ਮੈਨੂੰ ਕਹਿੰਦੇ ਡੁੰਨ,
   ਘਰ ਪੇਕਿਆਂ ਦੇ ਭੋਗਿਆ ਸੀ ਰਾਜ ਵੇ।
   ਕਿਹੜੇ ਕੰਮ ਆਈ ਮੇਰੇ ਪੇਕਿਆਂ ਦੀ ਘੋੜੀ ਜੋੜੀ,
   ਕੇਹੜੇ ਲੇਖੇ ਲੱਗਾ ਐਨਾ ਦਾਜ ਵੇ।
   'ਮਾਨਾਂ' ਪਿੱਛੋਂ ਰਗੜੇਂਗਾ ਅੱਡੀਆਂ,
   ਜਾ ਜਿੰਦ ਦਿੱਤੀ ਮਾਪਿਆਂ ਦੇ ਬੂਹੇ ਉੱਤੇ ਗਾਲ਼।

**(ਬਾਬੂ ਸਿੰਘ ਮਾਨ)**

6.
ਮੈਨੂੰ ਵਿਦਾ ਕਰੋ ਸਖੀਓ, ਮੇਰੀ ਵਾਟ ਲੰਮੇਰੀ ਏ।

ਹਸਦੀ ਵਸਦੀ ਦੀ ਮੇਰੀ ਡੋਲੀ ਤੋਰ ਦਿਓ।
ਆਪਣੀਆਂ ਹੀ ਬਰੂਹਾਂ 'ਚੋਂ, ਮੇਰੇ ਪਿੰਡ ਦੀਆਂ ਜੂਹਾਂ 'ਚੋਂ।
ਬਾਬਲ ਦੀਆਂ ਗਲੀਆਂ 'ਚੋਂ, ਵੀਰਾਂ ਦੇ ਮਹਿਲਾਂ 'ਚੋਂ।
ਅੰਮੜੀ ਦੇ ਵੇਹੜੇ 'ਚੋਂ, ਮੈਨੂੰ ਵਿਦਾ ਕਰੋ ਸਖੀਓ।
ਮੇਰੇ ਚਾਚੇ ਤਾਇਓ ਵੇ, ਅੰਮੜੀ ਦੇ ਜਾਇਓ ਵੇ,
ਹੁਣ ਕਾਹਦੀ ਦੇਰੀ ਏ, ਮੈਨੂੰ ਵਿਦਾ ਕਰੋ ਸਖੀਓ।

ਇੱਕ ਬੂਟਾ ਬ੍ਰਿਹੋਂ ਦਾ, ਮੇਰੇ ਧਰਮੀ ਬਾਬਲ ਨੇ, ਵਿਹੜੇ ਵਿੱਚ ਲਾਇਆ ਨੀਂ,
ਮਮਤਾ ਦਾ ਦੇ ਪਾਣੀ, ਰੀਝਾਂ ਥੀਂ ਸਿੰਜ-ਸਿੰਜ ਕੇ,
ਇੱਕ ਫੁੱਲ ਕਰੂੰਬਲ ਦਾ, ਟਹਿਕਣ 'ਤੇ ਆਇਆ ਨੀਂ।
ਵਣਜਾਰੇ ਮਹਿਕਾਂ ਦੇ, ਸੌਦਾਗਰ ਸਧਰਾਂ ਦੇ, ਘਰ ਸਾਡੇ ਆਏ ਨੀਂ,
ਡੱਕੀਆਂ ਨਾ ਰਹਿਣ ਕਦੇ, ਫੁੱਲਾਂ ਵਿੱਚ ਖੁਸ਼ਬੂਆਂ,
ਹੱਥ ਫ਼ੇਰ ਮੇਰੇ ਸਿਰ 'ਤੇ, ਹੁਣ ਮੇਰੀਏ ਮਾਏ ਨੀਂ।
ਨੀਂ ਅੰਗ ਸਹੇਲੜੀਓ, ਨਾ ਦਿਓ ਦਿਲਾਸੇ ਨੀਂ,
ਧੰਨ ਜਿਗਰੇ ਮਾਵਾਂ ਦੇ, ਇਨ੍ਹਾਂ ਗੂੜੀਆਂ ਛਾਵਾਂ ਦੇ।
ਹਰ ਕਿਸੇ ਮੁਸਾਫ਼ਿਰ ਨੂੰ, ਕਿਚਰਕ ਧਰਵਾਸੇ ਨੀਂ,
ਪਰਬਤ ਦਿਆਂ ਜੰਮਿਆਂ ਨੇ, ਸਾਗਰ ਵਿੱਚ ਜਾ ਰਲਣਾ।
ਪੂਰਬ 'ਚੋਂ ਚੜ੍ਹਿਆਂ ਨੇ, ਪੱਛਮ ਵਿੱਚ ਛਿਪ ਜਾਣਾ,
ਆਖ਼ਿਰ ਨੂੰ ਖਿੰਡ ਜਾਣਾ, ਕੁੜੀਆਂ ਦੀ ਢਾਣੀ ਨੇ,
ਮੈਨੂੰ ਵਿਦਾ ਕਰੋ ਸਖੀਓ, ਮੇਰੀ ਵਾਟ ਲੰਮੇਰੀ ਏ।

**(ਬਾਬੂ ਸਿੰਘ ਮਾਨ)**



7.
ਮੁੰਦਰੀ ਘੜ ਦੇ ਵੇ ਸੁਨਿਆਰਿਆ।
ਵਿੱਚ ਨਗ ਤਾਰਿਆਂ ਦੇ ਜੜ ਦੇ।

ਸੁਹਰਿਆਂ ਦੀ ਦਿੱਤੀ ਹੋਈ ਮੁੰਦਰੀ ਗਵਾਚ ਗਈ,
ਸਾਰਾ ਦਿਨ ਰੋਈ ਨਾਲੇ ਭਾਲਿਆ।
ਨਰਮੇ ਦੇ ਖੇਤ ਦਾ ਮੈਂ ਚੱਪਾ ਚੱਪਾ ਛਾਣਿਆ,
ਮੁੰਦਰੀ ਲੱਭੀ ਨਾ ਦਿਨ ਗਾਲਿਆ।
ਵੇਚ ਕੇ ਤੇ ਖਾ ਗਏ ਤੇਰੇ ਭੁੱਖੇ ਮਾਪੇ ਸੱਸ ਕਹਿਣਾ,
ਹੁਣ ਕਾਹਨੂੰ ਪਾਉਂਨੀ ਆਂ ਤੂੰ ਪੜਦੇ
ਮੁੰਦਰੀ ਘੜ ਦੇ ਵੇ ਸੁਨਿਆਰਿਆ।

ਚੰਗੀ ਤਰ੍ਹਾਂ ਜਾਂਚ ਲਈਂ ਤੂੰ ਨਮੂਨਾ ਓਸ ਮੁੰਦਰੀ ਦਾ,
ਇੰਨ-ਬਿੰਨ ਓਦਾਂ ਦੀ ਬਣਾਈਂ।
ਪੱਕਾ ਇਕਰਾਰ ਇੱਕੋ ਕਰ ਲਈਂ ਤੂੰ ਮੇਰੇ ਨਾਲ,
ਮੁੜ-ਮੁੜ ਫੇਰੇ ਨਾ ਪਵਾਈਂ।
ਪਰਸੋਂ ਨੂੰ ਮੱਸਿਆ ਐ, ਐਨਾ ਤੂੰ ਖਿਆਲ ਰੱਖੀਂ,
ਸਹੁਰੀਂ ਜਾਣਾ ਨਵੇਂ ਚੰਦ ਚੜ੍ਹਦੇ।
ਮੁੰਦਰੀ ਘੜ ਦੇ ਵੇ ਸੁਨਿਆਰਿਆ।

ਵੇਲੇ ਸਿਰ ਬਣੀ ਨਾ ਜੇ, ਢੋਲ ਮੈਨੂੰ ਲੈਣ ਆਇਆ,
ਮੁੰਦਰੀ ਬਗੈਰ ਪਿਆ ਜਾਣਾ।
ਲਾਈਲੱਗ ਘਰ ਵਾਲੇ ਇੱਕ ਮੇਰੀ ਮੰਨਣੀ ਨਾ,
ਵੱਢ-ਵੱਢ ਉਹਨੇ ਮੈਨੂੰ ਖਾਣਾ।
ਸੁਪਨੇ 'ਚ ਆਈ 'ਜਗਤਾਰ' ਸੱਸ ਮਾਣ ਨਹੀਓਂ,
ਐਵੇਂ ਰਹਿਣਾ ਨਾਲ ਮੇਰੇ ਲੜਦੇ।
ਮੁੰਦਰੀ ਘੜ ਦੇ ਵੇ ਸੁਨਿਆਰਿਆ।

**(ਡਾ. ਜਗਤਾਰ)**

8.

ਜਿੰਦੂਆ ਤੇ ਬਿੰਦੂਆ ਸਕੇ ਭਰਾ, ਰਾਤੀਂ ਖਾਂਦੇ ਚੂਰੀਆਂ,
ਦਿਨੇ ਮਿੱਠਾ ਪਲ਼ਾ, ਚੰਨਾ ਤੇਰੀ-ਮੇਰੀ, ਚੰਨਾ ਤੀ....ਗੀ....ਰਾ....ਰਾ....।
ਜਿਹੜੀ ਦਿਲਾਂ ਨੂੰ ਲਾਈ ਐ, ਉਹ ਜਿੰਦੂਆ,
ਜਿਹੜੀ ਲਾ ਗੁਆਈ ਐ, ਉਹ ਜਿੰਦੂਆ, ਹੋ....ਹੋ....।

ਚੱਲ ਜਿੰਦੂਆ ਚੱਲ ਚੱਲੀਏ ਬਜ਼ਾਰੀਂ, ਵਿਕਦੇ ਜਿੱਥੇ ਰੁਮਾਲ,
ਹਾੜਾ ਵੇ ਜਿੰਦੂਆ ਬੁਰੇ ਵਿਛੋੜੇ, ਲੈ ਚੱਲ ਆਪਣੇ ਨਾਲ।
ਜਿੰਦੂਆ ਤੇ ਬਿੰਦੂਆਂ ਸਕੇ ਭਰਾ......।

ਸੁਣ ਜਿੰਦੂਆ ਤੂੰ ਸੁਣ ਜਿੰਦੂਆ, ਤੂੰ ਸੁਣ ਤੱਤੜੀ ਦੇ ਬੋਲ,
ਔਸੀਆਂ ਪਾ-ਪਾ ਘਸ ਗਏ ਪੋਟੇ, ਅਜੇ ਨਾ ਆਇਓਂ ਕੋਲ।
ਜਿੰਦੂਆ ਤੇ ਬਿੰਦੂਆ ਸਕੇ ਭਰਾ......।

ਚੱਲ ਜਿੰਦੂਆ ਚੱਲ ਚੱਲੀਏ ਪਹਾੜੀਂ ਜਿੱਥੇ ਠੰਢੀਆਂ ਛਾਵਾਂ,
ਤੇਰੇ ਦਿਲ ਦੀ ਧੜਕਣ ਬਣ ਕੇ, ਤੇਰੇ ਸੰਗ ਰਲ ਜਾਵਾਂ।
ਜਿੰਦੂਆ ਤੇ ਬਿੰਦੂਆ ਸਕੇ ਭਰਾ......।

ਆ ਜਿੰਦੂਆ ਕਦੀਂ ਸੁਪਨਾ ਬਣ ਕੇ, ਦੋ ਅੱਖੀਆਂ ਵਿੱਚ ਆ,
ਨੁਹਾਰ ਤੇਰੀ ਦਾ ਅੱਖੀਆਂ ਦੇ ਵਿੱਚ ਬੈਠੀ ਸੁਰਮਾ ਪਾ।
ਜਿੰਦੂਆ ਤੇ ਬਿੰਦੂਆ ਸਕੇ ਭਰਾ.......।

ਆ ਜਿੰਦੂਆ ਰਲ ਬਹੀਏ ਦੋਵੇਂ, ਮਿੱਠੜੇ ਨੇ ਤੇਰੇ ਬੋਲ,
ਹਾੜਾ ਵੇ ਜਿੰਦੂਆ ਛੱਡ ਨਾ ਜਾਵੀਂ, ਲੈ ਚੱਲ ਆਪਣੇ ਕੋਲ।
ਜਿੰਦੂਆ ਤੇ ਬਿੰਦੂਆ ਸਕੇ ਭਰਾ......।

**(ਬਾਬੂ ਸਿੰਘ ਮਾਨ)**



9.

ਇਹ ਦੁਨੀਆਂ ਪੁੱਤਰ ਪੈਸੇ ਦੀ, ਆਖੀ ਗੱਲ ਸੱਚੀ ਜਾਂਦੀ ਐ।
ਪੈਸਾ ਜਿਵੇਂ ਨਚਾਈ ਜਾਂਦਾ, ਦੁਨੀਆਂ ਨੱਚੀ ਜਾਂਦੀ ਐ।

ਮੰਦਿਰ, ਮਸਜਿਦ, ਠਾਕੁਰ ਦੁਆਰੇ, ਪੈਸੇ ਨਾਲ ਚਮਕਦੇ ਸਾਰੇ,
ਹਾਕਾਂ ਨਿੱਤ ਪੁਜਾਰੀ ਮਾਰੇ, ਲੋਕੋ ਧਨ ਦੇ ਭਰੋ ਭੰਡਾਰੇ।
ਕਿਰਤੀ ਪੇਟ ਮਸਾਂ ਹੀ ਭਰਦੈ, ਵਿਹਲੜ ਦਾ ਵੀ ਐਵੇਂ ਈ ਸਰਦੈ,
ਇਹ ਗੱਲ ਜੱਚੀ ਜਾਂਦੀ ਐ,
ਪੈਸਾ ਜਿਵੇਂ ਨਚਾਈ ਜਾਂਦਾ.....।

ਦੇਖੋ ਜ਼ਰ ਜ਼ਮੀਨ ਦੇ ਕਾਰੇ, ਹੋਗੇ ਵੀਰ ਭੈਣ ਲਈ ਮਾੜੇ।
ਵੀਰ ਵੀ ਰੱਖਣ ਦਿਲ ਵਿੱਚ ਸਾੜੇ, ਪੈ ਗਏ ਪਿਓ-ਪੁੱਤਰ ਵਿੱਚ ਪਾੜੇ।
ਭਾਈ ਤੋਂ ਭਾਈ ਮਰਵਾਉਂਦੈ, ਪੈਸਾ ਜਿੱਥੇ ਵੀ ਅੱਗ ਲਾਉਂਦੈ,
ਦੁਨੀਆਂ ਮੱਚੀ ਜਾਂਦੀ ਐ,
ਪੈਸਾ ਜਿਵੇਂ ਨਚਾਈ ਜਾਂਦਾ.....।

ਨਹੀਂ ਕੋਈ ਦੁਖੀ ਦਿਲਾਂ ਦਾ ਦਰਦੀ, ਦੁਨੀਆਂ ਪਿਆਰ ਪੈਸੇ ਨੂੰ ਕਰਦੀ।
ਨਹੀਂ ਕੋਈ ਸੋਹਣੀ ਝਨਾਂ ਨੂੰ ਤਰਦੀ, ਅੱਜ ਦੀ ਹੀਰ ਪੈਸੇ 'ਤੇ ਮਰਦੀ।
ਸਭ ਕੁੱਝ ਵੱਸ ਹੋ ਗਿਆ ਹੁਣ ਧਨ ਦੇ, ਦੁਨੀਆਂ ਸੌਦੇ ਕਰਕੇ ਤਨ ਦੇ,
ਪੈਸੇ ਵੱਟੀ ਜਾਂਦੀ ਐ,
ਪੈਸਾ ਜਿਵੇਂ ਨਚਾਈ ਜਾਂਦਾ.....।

ਸਭ ਨੇ ਇਹੋ ਦਲੀਲਾਂ ਕਰੀਆਂ, ਜੇਬਾਂ ਹੋਣ ਨੋਟਾਂ ਨਾਲ ਭਰੀਆਂ।
ਗੱਲਾਂ ਸੋਲਾਂ ਆਨੇ ਖਰੀਆਂ, ਵਿਕਦੇ ਜਿਸਮ ਜ਼ਮੀਰਾਂ ਮਰੀਆਂ।
ਪੈ ਗਈ ਸੱਚ ਦੇ ਮੂੰਹ ਨੂੰ ਦੰਦਲ, ਧੱਕੇ ਨਾਲ ਮਾਘ ਦੀ ਗੰਦਲ,
ਤੋੜੀ ਕੱਚੀ ਜਾਂਦੀ ਐ,
ਪੈਸਾ ਜਿਵੇਂ ਨਚਾਈ ਜਾਂਦਾ.....।

ਪੈਸੇ ਨਾਲ ਬਣਨ ਸਰਕਾਰਾਂ, ਬੰਦਾ ਵਿਕਿਆ ਵਿੱਚ ਬਜ਼ਾਰਾਂ।
ਮੌਜਾਂ ਲਈਆਂ ਚੋਰਾਂ-ਯਾਰਾਂ, ਪੈਂਦੀਆਂ ਨਿਰਧਨ ਨੂੰ ਫਿਟਕਾਰਾਂ।
'ਸੰਧੂਆ' ਹਰ ਪਿੰਡ 'ਤੇ ਹਰ ਜੂਹ 'ਚੋਂ, ਧੱਕੇ ਨਾਲ ਬੇਗ਼ਾਨੇ ਖ਼ੂਹ 'ਚੋਂ,
ਭਰੀ ਚਬੱਚੀ ਜਾਂਦੀ ਐ,
ਪੈਸਾ ਜਿਵੇਂ ਨਚਾਈ ਜਾਂਦਾ.....।

**(ਗੁਰਾਂਦਿੱਤਾ ਸਿੰਘ ਸੰਧੂ, ਸੁੱਖਣਵਾਲਾ)**

10.

ਮਹਿਲੀਂ ਆ ਜਾ ਸਾਧੂਆ ਵੇ, ਰਾਣੀ ਸੁੰਦਰਾਂ ਮਿੰਨਤਾਂ ਕਰਦੀ,
ਕਿਸ ਹੁਸਨ ਪਰੀ ਨੇ ਜਾਇਆ ਵੇ, ਕਿਉਂ ਜੋਗੀ ਬਣ ਕੇ ਆਇਆ ਵੇ।
ਕਿਉਂ ਰਾਖ ਨੂੰ ਕੇਸੀਂ ਪਾਇਆ ਵੇ, ਕਿਉਂ ਝੱਲਦੈਂ ਗਰਮੀ ਸਰਦੀ।
ਮਹਿਲੀਂ ਆ ਜਾ ਸਾਧੂਆ ਵੇ.......।

ਛੇਤੀ ਭਿੱਖਿਆ ਪਾ ਦੇ ਤੂੰ, ਰਾਣੀਏਂ ਗੱਲਾਂ ਕੇਹੜੀਆਂ ਕਰਦੀ।
ਮੈਨੂੰ ਗੋਰਖ ਚਰਨੀ ਲਾਇਆ ਨੀਂ, ਮੈਂ ਉੱਤਰ ਟਿੱਲੇ ਤੋਂ ਆਇਆ ਨੀਂ।
ਮੇਰਾ ਵੇਲਾ ਨਾ ਕਰ ਜਾਇਆ ਨੀਂ, ਤੈਨੂੰ ਖ਼ਬਰ ਕੀ ਸਾਡੇ ਘਰ ਦੀ।
ਛੇਤੀ ਭਿੱਖਿਆ ਪਾ ਦੇ ਤੂੰ......।

(ਰਾਣੀ) ਕੋਲ ਖਜ਼ਾਨੇ ਆਈ ਏ, ਹੀਰੇ ਮੋਤੀਆਂ ਦਾ ਥਾਲ ਲਿਆਈ ਏ।
(ਕਹਿੰਦੀ) ਮੈਂ ਨਾ ਖੈਰ ਕਿਸੇ ਨੂੰ ਪਾਈ ਏ, ਹੁਣ ਖਾਲੀ ਖਜ਼ਾਨੇ ਕਰਦੀ।
ਮਹਿਲੀਂ ਆ ਜਾ ਸਾਧੂਆ......।

ਕੀ ਕਰਨੇ ਤੇਰੇ ਖਜ਼ਾਨੇ ਨੀਂ, ਦਾਨ ਰਿਜ਼ਕ ਦਾ ਕਰ ਸ਼ੈਤਾਨੇ ਨੀਂ।
ਐਵੇਂ ਲਾ ਨਾ ਪੱਜ ਬਹਾਨੇ ਨੀਂ, ਸਾਨੂੰ ਲੋੜ ਨ੍ਹੀਂ ਤੇਰੇ ਜ਼ਰ ਦੀ।
ਛੇਤੀ ਭਿੱਖਿਆ ਪਾ ਦੇ ਤੂੰ......।

ਐਸੇ ਮਾਰੇ ਤੀਰ ਅਵੱਲੇ ਵੇ, ਇਹ ਜਾਣ ਨਾ ਮੈਥੋਂ ਝੱਲੇ ਵੇ।
ਪੈ ਜੇ ਪਿਆਰ ਤੇਰਾ ਜੇ ਪੱਲੇ ਵੇ, ਮੇਰੀ ਪੂਰੀ ਹੋ ਜਾਏ ਮਰਜ਼ੀ।
ਮਹਿਲੀਂ ਆ ਜਾ ਸਾਧੂਆ ਵੇ......।

(ਆਖ਼ਿਰ) ਜੋਗੀ ਨੇ ਲਿਵ ਲਾਈ ਏ, ਜੋੜੀ ਸੁਰਤੀ ਵਿੱਚ ਖੁਦਾਈ ਏ।
ਧੁਨ ਔਲੱਖ ਨਿਰੰਜਣ ਅਲਾਹੀ ਏ, ਬੋਲੇ 'ਨਾਥ ਸਮਾਲਸਰਵੀ।
ਛੇਤੀ ਭਿੱਖਿਆ ਪਾ ਦੇ ਤੂੰ......।

**(ਨੱਥਾ ਸਿੰਘ ਸਮਾਲਸਰ)**



11.

ਸਿੱਖੀ ਦਾ ਬੂਟਾ।

ਉਹ ਕਿਹੜਾ ਬੂਟਾ ਏ ? ਹਰ ਥਾਂ ਜੋ ਪਲਦਾ ਏ।
ਆਰੇ ਦੇ ਦੰਦਿਆਂ 'ਤੇ, ਰੰਬੀ ਦੀਆਂ ਧਾਰਾਂ 'ਤੇ।
ਖ਼ੈਬਰ ਦੇ ਦੱਰਿਆਂ ਵਿੱਚ, ਸਰਸਾ ਦੀਆਂ ਲਹਿਰਾਂ 'ਤੇ।
ਸਤਲੁਜ ਦੇ ਕੰਢੇ 'ਤੇ, ਲੱਖੀ ਦੇ ਜੰਗਲ ਵਿੱਚ,
ਰੋੜਾਂ ਵਿੱਚ ਰੱਕੜਾਂ ਵਿੱਚ, ਬੰਜ਼ਰਾਂ ਵਿੱਚ ਝੱਖੜਾਂ ਵਿੱਚ।
ਗੜਿਆਂ ਵਿੱਚ ਮੀਂਹਾਂ ਵਿੱਚ, ਸਰਹੰਦ ਦੀਆਂ ਨੀਹਾਂ ਵਿੱਚ।
ਜਿੱਥੇ ਵੀ ਲਾ ਦੇਈਏ, ਉੱਥੇ ਹੀ ਪਲਦਾ ਏ,
ਜਿਤਨਾ ਵੀ ਛਾਂਗ ਦੇਈਏ, ਉਤਨਾ ਹੀ ਫ਼ਲਦਾ ਏ।

ਉਹ ਕਿਹੜਾ ਬੂਟਾ ਏ ? ਭੁੱਖਿਆਂ-ਤ੍ਰਿਹਾਇਆਂ ਨੂੰ ਜੋ ਫ਼ਲ ਖੁਆਂਦਾ ਏ,
ਥੱਕਿਆਂ ਤੇ ਟੁੱਟਿਆਂ ਨੂੰ, ਛਾਂ ਵਿੱਚ ਸੁਆਂਦਾ ਏ।
ਜੇ ਝੱਖੜ ਆ ਜਾਵੇ, ਜੇ ਨ੍ਹੇਰੀ ਆ ਜਾਵੇ,
ਅਬਦਾਲੀ ਆ ਜਾਵੇ, ਕੋਈ ਨਾਦਰ ਆ ਜਾਵੇ।
ਮਾਸੂਸ ਗੁਟਾਰਾਂ ਨੂੰ, ਬੇਲੋਸੀਆਂ ਘੁੱਗੀਆਂ ਨੂੰ,
ਕੂੰਜਾਂ ਦੀਆਂ ਡਾਰਾਂ ਨੂੰ ਇਹ ਤੁਰਤ ਛੁਪਾ ਲੈਂਦਾ।
ਇਹ ਆਲ੍ਹਣੇ ਪਾ ਲੈਂਦਾ, ਤੇ ਰਾਖਾ ਬਣ ਬਹਿੰਦਾ।

ਪੈਰ ਇਸਦੇ ਧਰਤੀ 'ਤੇ, ਪਰ ਆਪ ਉਚੇਰਾ ਏ।
ਜੇਲ੍ਹਾਂ ਦੀਆਂ ਕੋਠੜੀਆਂ, ਜੰਜ਼ੀਰਾਂ ਹੱਥਕੜੀਆਂ।
ਇਹ ਰੱਸੇ ਫਾਂਸੀ ਦੇ, ਤੇ ਤੜੀਆਂ ਰਾਜ ਦੀਆਂ,
ਗੁੰਮਰਾਹੀਆਂ ਰੰਗ ਰਲੀਆਂ ਤੇ ਕੁੜੀਆਂ ਝੰਗ ਦੀਆਂ,
ਏਹਦੇ ਗੋਡਿਓਂ ਥੱਲੇ ਨੇ, ਇਹਦੇ ਗਿੱਟਿਓਂ ਥੱਲੇ ਨੇ, ਏਹਦੇ ਪੈਰੋਂ ਥੱਲੇ ਨੇ।

ਜਿੱਥੇ ਦਿਲ ਇਸਦਾ ਏ, ਜਿੱਥੇ ਸਿਰ ਇਸਦਾ ਏ, ਉਹ ਥਾਂ ਉਚੇਰੀ ਏ।
ਉਹ ਖੁੱਲ੍ਹੀ ਹਵਾ ਵਿੱਚ ਏ, ਉਹ ਪਾਕ ਫ਼ਿਜ਼ਾ ਵਿੱਚ ਏ।
ਉਹ ਖਾਸ ਖੁਦਾ ਵਿੱਚ ਏ, ਜਿੱਥੇ ਨਾ ਗ਼ੈਰ ਕੋਈ, ਜਿੱਥੇ ਨਾ ਵੈਰ ਕੋਈ।
ਉਹ ਕਿਹੜਾ ਬੂਟਾ ਏ ? ਉਹ ਸਿੱਖੀ ਦਾ ਬੂਟਾ ਏ।

**(ਪ੍ਰੋ: ਮੋਹਣ ਸਿੰਘ)**

12.
ਦਾਤੇ ਦੀਆਂ ਬੇਪ੍ਰਵਾਹੀਆਂ ਤੋਂ, ਲਾਪ੍ਰਵਾਹਾ ਡਰਿਆ ਕਰ।

ਤੂੰ ਹਰ ਦਮ, ਦਮ-ਦਮ ਕਰਦਾ ਏਂ, ਦਮ ਦੇਣੇ ਨੇ ਦਮ ਭਰਿਆ ਕਰ।
ਚਾਂਦੀ ਦੀਆਂ ਗਿਣ ਗਿਣ ਠੀਕਰੀਆਂ, ਨਾ ਰਾਤ-ਦਿਨੇਂ ਤੂੰ ਮਰਿਆ ਕਰ।
ਉਹ ਪਲ ਵਿੱਚ ਜਲ-ਥਲ ਕਰ ਦਿੰਦੈ, ਇਹ ਸਾਗਰ ਸੋਚ ਕੇ ਤਰਿਆ ਕਰ।
ਇਹ ਦੁਨੀਆਂ ਤਿਲਕਣਬਾਜ਼ੀ ਏ, ਤੂੰ ਪੈਰ ਸਮਝ ਕੇ ਧਰਿਆ ਕਰ।
ਕਿਸੇ ਨਿਰਧਨ ਆਤੁਰ ਦੁਖੀਏ ਦਾ, ਕੁਝ ਭਾਰ ਵੀ ਹੌਲਾ ਕਰ ਕਰਿਆ।

ਇਹ ਉਸ ਦਾਤੇ ਦੀ ਨਗਰੀ ਏ, ਤੂੰ ਜਿਸ ਨਗਰੀ ਵਿੱਚ ਵਸਦਾ ਏਂ।
ਨਿਵਿਆਂ ਵੇਖ ਗੁਆਂਢੀ ਨੂੰ, ਨਿੱਤ ਹੁੱਭਦਾ ਏਂ, ਨਿੱਤ ਹਸਦਾ ਏਂ।
ਮਾੜੇ ਦੀਆਂ ਹੱਡੀਆਂ ਪੀਂਹਨਾਂ ਏਂ, ਤਕੜੇ ਦੀਆਂ ਤਲੀਆਂ ਝੱਸਦਾ ਏਂ।
ਤਕੜੇ ਦੀ ਜੇਕਰ ਜਰਦਾ ਏਂ, ਤਾਂ ਮਾੜੇ ਦੀ ਵੀ ਜਰਿਆ ਕਰ।
ਕਿਸੇ ਨਿਰਧਨ ਆਤੁਰ ਦੁਖੀਏ ਦਾ, ਕੁੱਝ ਭਾਰ ਵੀ ਹੌਲਾ ਕਰਿਆ ਕਰ।

ਉਹ ਤੇਰੇ ਪੁੱਤਰ ਵਰਗਾ ਏ, ਤੂੰ ਜਿਸਨੂੰ ਝਿੜਕੀ ਜਾਨਾ ਏਂ।
ਭਗਵਾਨ ਓਹਦੇ ਵਿੱਚ ਵਸਦਾ ਏ, ਭਗਵਾਨ ਨੂੰ ਤੂੰ ਦਬਕਾਨਾ ਏਂ।
ਓਹਦੇ ਪਿਓ ਕਮਾਇਆ ਈ, ਜੋ ਅੰਦਰ ਵੜ-ਵੜ ਖਾਨਾ ਏਂ।
ਕੁਦਰਤ ਦੀ ਏਸ ਅੰਗੂਰੀ ਨੂੰ, ਤੂੰ ਪਸ਼ੂਆਂ ਵਾਂਗ ਨਾ ਚਰਿਆ ਕਰ,
ਕਿਸੇ ਨਿਰਧਨ ਆਤੁਰ ਦੁਖੀਏ ਦਾ, ਕੁੱਝ ਭਾਰ ਵੀ ਹੌਲਾ ਕਰਿਆ ਕਰ।

ਤੂੰ ਬੰਦਾ ਏਂ, ਉਹ ਬੰਦਾ ਏ, ਦੋਹਾਂ ਨੇ ਏਥੇ ਰਹਿਣਾ ਏ।
ਤੂੰ ਤਕੜਾ ਸਹੀ ਉਹ ਮਾੜਾ ਸਹੀ, ਕੰਮ ਮਾੜੇ ਤੱਕ ਵੀ ਪੈਣਾ ਏ।
ਤੂੰ ਮਿੱਟੀ ਏਂ, ਉਹ ਮਿੱਟੀ ਏ, ਮਿੱਟੀ ਵਿੱਚ ਰਲਣਾ ਪੈਣਾ ਏ।
ਉਹ ਹਰ-ਹਰ ਦੇ ਵਿੱਚ ਵਸਦਾ ਏ, ਤੂੰ ਹਰ ਦੇ ਕੋਲੋਂ ਹਰਿਆ ਕਰ,
ਕਿਸੇ ਨਿਰਧਨ ਆਤੁਰ ਦੁਖੀਏ ਦਾ, ਕੁੱਝ ਭਾਰ ਵੀ ਹੌਲਾ ਕਰਿਆ ਕਰ।

(**ਨੰਦ ਲਾਲ ਨੂਰਪੁਰੀ**)



13.
ਤੈਥੋਂ ਬੰਦਿਆ ਬੁਰਾਈਆਂ ਚਿੱਤੋਂ ਟਾਲੀਆਂ ਨਾ ਗਈਆਂ।
ਨੇੜੇ ਆ ਗਿਆ ਮੁਕਾਮ, ਸੇਧਾਂ ਭਾਲੀਆਂ ਨਾ ਗਈਆਂ।
ਤੋੜ ਸੁੱਟੇ ਸਾਰੇ ਵਾਅਦੇ, ਜਿੰਦ ਪਾਪਾਂ 'ਚ ਡਬੋਈ,
ਮੌਤ ਆ ਗਈ ਕਰੀਬ, ਤੈਥੋਂ ਬੰਦਗੀ ਨਾ ਹੋਈ।
ਧੌਲੇ ਆ ਗਏ ਕਰਤੂਤਾਂ ਅਜੇ ਕਾਲੀਆਂ ਨਾ ਗਈਆਂ।
ਤੈਥੋਂ ਬੰਦਿਆ ਬੁਰਾਈਆਂ.......।
ਪਾ ਕੇ ਚੇਹਰੇ 'ਤੇ ਨਕਾਬ, ਦੇਵੇਂ ਲੋਕਾਂ ਨੂੰ ਭੁਲੇਖਾ,
ਠੱਗੀ ਕਿੰਨੀ ਦੇਰ ਚੱਲੂ, ਚੰਨਾਂ ਦੇਣਾ ਪੈਣਾ ਲੇਖਾ।
ਚੋਰਾਂ ਨਾਲ ਠੱਗਾ ਤੇਰੀਆਂ ਭਿਆਲੀਆਂ ਨਾ ਗਈਆਂ,
ਤੈਥੋਂ ਬੰਦਿਆਂ ਬੁਰਾਈਆਂ......।
ਕਾਲ ਕੂਕਦਾ ਬਨੇਰੇ, ਵੱਜੇ ਸੀਸ 'ਤੇ ਨਗਾਰਾ,
ਘੜੀ-ਘੜੀ ਪਿੱਛੋਂ ਸਮਾਂ ਤੈਨੂੰ ਕਰਦਾ ਇਸ਼ਾਰਾ।
ਯਾਰ ਲੱਭਿਆ ਨਾ ਗਿਆ, ਘਾਲਾਂ ਘਾਲੀਆਂ ਨਾ ਗਈਆਂ,
ਤੈਥੋਂ ਬੰਦਿਆ ਬੁਰਾਈਆਂ......।
ਅੰਨ੍ਹਾਂ ਵਾਸਨਾ ਨੇ ਕੀਤਾ, ਨਾ ਦਿਖਾਈ ਕੱਖ ਦੇਵੇ,
ਰੀਝੇਂ ਗੰਦਗੀ ਤੇ ਝੱਟ ਨਾ ਪਸੰਦ ਆਉਣ ਮੇਵੇ।
ਤੈਥੋਂ 'ਦੀਪਕਾ' ਮੁਹੱਬਤਾਂ ਵੀ ਪਾਲੀਆਂ ਨਾ ਗਈਆਂ,
ਤੈਥੋਂ ਬੰਦਿਆਂ ਬੁਰਾਈਆਂ......।

(**ਦੀਪਕ ਜੈਤੋਈ**)

14.
ਆ ਕੇ ਸੰਤਾਂ ਦੇ ਦੁਆਰੇ, ਦੁੱਖ ਦੂਰ ਹੁੰਦੇ ਨੇ।
ਇੱਥੇ ਮਾਣ ਤੇ ਹੰਕਾਰ ਚੂਰੋ ਚੂਰ ਹੁੰਦੇ ਨੇ।
ਇੰਨਾਂ ਦੁਆਰਿਆਂ ਤੋਂ ਲੱਭੇ, ਰੱਬੀ ਪਿਆਰ ਦਾ ਖਜ਼ਾਨਾ,
ਪਿਆਸ ਰੂਹਾਂ ਦੀ ਬੁਝਾਉਂਦਾ, ਜਿੱਥੇ ਪਹੁੰਚ ਕੇ ਜ਼ਮਾਨਾ।
ਡੁੱਬੇ ਨੇਰ੍ਹਿਆਂ 'ਚ ਦਿਮਾਗ਼, ਨੂਰੋ-ਨੂਰ ਹੁੰਦੇ ਨੇ।
ਆ ਕੇ ਸੰਤਾਂ ਦੇ ਦੁਆਰੇ......।
ਸੰਤ ਜੋਤ ਹੈ ਅਗੰਮੀ, ਦੇਣ ਪਿਆਰ ਦਾ ਪੈਗ਼ਾਮ,
ਖੁਦੀ ਕੱਢ ਕੇ ਦਿਲਾਂ 'ਚੋਂ ਉਹ ਜਪਾਉਂਦੇ ਸਤਿਨਾਮ।
ਨਾਮ ਨਾਲ ਪੈਦਾ ਦਿਲਾਂ 'ਚ ਸਰੂਰ ਹੁੰਦੇ ਨੇ,
ਆ ਕੇ ਸੰਤਾਂ ਦੇ ਦੁਆਰੇ......।
ਸੰਤ ਹੁੰਦੇ ਨਹੀਂ ਸਰੀਰ, ਹੁੰਦੇ ਆਤਮਾ ਦਾ ਰੂਪ,
ਇਹ ਤਾਂ ਪਹਿਲਾਂ ਤੋਂ ਹੀ ਹੁੰਦੇ ਪ੍ਰਮਾਤਮਾ ਦਾ ਰੂਪ।
ਸਿੱਧ, ਬੁੱਧ, ਨਾਥ ਏਨਾਂ ਦੇ ਹਜ਼ੂਰ ਹੁੰਦੇ ਨੇ,
ਆ ਕੇ ਸੰਤਾਂ ਦੇ ਦੁਆਰੇ......।
ਨਹੀਂ ਰੱਖਦੇ ਦਿਲਾਂ 'ਚ ਸੰਤ ਵੈਰ ਜਾਂ ਵਿਰੋਧ,
ਆਉਂਦਾ ਵੈਰੀਆਂ ਦੇ ਉੱਤੇ ਵੀ ਨਹੀਂ ਏਨਾਂ ਨੂੰ ਕ੍ਰੋਧ।
ਵੱਖਰੇ ਹੀ ਏਨਾਂ ਦੇ ਦਸਤੂਰ ਹੁੰਦੇ ਨੇ,
ਆ ਕੇ ਸੰਤਾਂ ਦੇ ਦੁਆਰੇ......।
ਆ ਕੇ ਇਨ੍ਹਾਂ ਦੇ ਦੁਆਰੇ ਸਭ ਚਿੱਤ ਹੋਣ ਸ਼ਾਦ,
ਜਿਹੜੇ ਰੱਖਦੇ ਭਰੋਸਾ ਉਹੀ ਪਾਉਂਦੇ ਨੇ ਮੁਰਾਦ।
ਪਾਰ ਉਨ੍ਹਾਂ ਦੀ ਬੇੜੀਆਂ ਦੇ ਪੂਰ ਹੁੰਦੇ ਨੇ,
ਆ ਕੇ ਸੰਤਾਂ ਦੇ ਦੁਆਰੇ......।
ਏਨਾਂ ਸੰਤਾਂ ਦੀ ਮਹਿਮਾ ਮੈਥੋਂ ਹੋਵੇ ਨਾ ਬਿਆਨ,
ਏਨਾਂ ਚਰਨਾਂ ਦੀ ਧੂੜੀ ਫਿਰੇ ਲੱਭਦਾ ਜਹਾਨ।
ਸਿਆਣੇ 'ਦੀਪਕ' ਜਹੇ ਵੀ ਬੇ-ਸ਼ਊਰ ਹੁੰਦੇ ਨੇ,
ਆ ਕੇ ਸੰਤਾਂ ਦੇ ਦੁਆਰੇ......।

(**ਦੀਪਕ ਜੈਤੋਈ**)



15.
ਦਿੱਲੀਏ ਦਿਆਲਾ ਦੇਖ, ਦੇਗ਼ 'ਚ ਉੱਬਲਦਾ ਨੀਂ,
ਹਾਲੇ ਤੇਰਾ ਚਿੱਤ ਨਾ ਠਰੇ।
ਮਤੀ ਦਾਸ ਤਾਂਈ ਚੀਰ ਆਰੇ ਵਾਂਗੂੰ ਜੀਭ ਤੇਰੀ,
ਹਾਲੇ ਮਨ ਮੱਤੀਆਂ ਕਰੇ।
ਲੋਕਾਂ ਦੀਆਂ ਭੁੱਖਾਂ ਉੱਤੇ ਫ਼ਤਹਿ ਸਾਡੀ ਦੇਗ਼ ਦੀ,
ਲੋਕਾਂ ਦਿਆਂ ਦੁੱਖਾਂ ਉੱਤੇ ਫ਼ਤਹਿ ਸਾਡੀ ਤੇਗ਼ ਦੀ।
ਅਸੀਂ ਤਾਂ ਮੌਤ ਦੇ ਚਬੂਤਰੇ 'ਤੇ ਆਣ ਚੜ੍ਹੇ,
ਮੌਤ ਭਾਵੇਂ ਚੜ੍ਹੇ ਨਾ ਚੜ੍ਹੇ।
ਤੇਰੇ ਤਾਂ ਪਿਆਦੇ ਨਿਰੇ ਖੇਤਾਂ ਦੇ ਪ੍ਰੇਤ ਨੀਂ,
ਤਿਲਾਂ ਦੀ ਤਾਂ ਪੂਹਲੀ ਵਾਂਗੂੰ ਝਾੜ ਲੈਂਦੇ ਖੇਤ ਨੀਂ।
ਵੇਖ ਲੋਕੀਂ ਨਰਮੇ ਦੇ ਬੋਹਲਾਂ ਦੇ ਵਿਚਾਲੇ ਕਿਵੇਂ,
ਪੈਂਦੇ ਨੇ ਘਰੋੜੇ ਤੇ ਰੜੇ।
ਸਿਰਾਂ ਵਾਲੇ ਲੋਕ ਬੀਜ ਚੱਲੇ ਆ ਬੇ-ਓੜ ਨੀਂ,
ਇੱਕ ਤਾਂ ਮੁੱਲ ਭਾਵੇਂ ਰੱਖਦੀਂ ਕਰੋੜ ਨੀਂ।
ਲੋਕ ਏਨੇ ਸੰਘਣੇ ਨੇ, ਲੱਖੀ ਦੇ ਜੰਗਲ ਵਾਂਗੂੰ,
ਸਿੰਘ ਤੈਥੋਂ ਜਾਣੇ ਨਹੀਂ ਫੜੇ।
ਸੱਚ ਮੂਹਰੇ ਤੇਰੇ ਸਾਹ ਜਾਣਗੇ ਉਤਾਹਾਂ ਨੂੰ,
ਗੱਲ ਵੀ ਨ੍ਹੀਂ ਆਉਣੀ ਤੇਰੇ ਝੂਠਿਆਂ ਗਵਾਹਾਂ ਨੂੰ।
ਸੰਗਤਾਂ ਦੀ ਸੱਥ ਵਿੱਚ ਜਦੋਂ ਤੈਨੂੰ ਖ਼ੂਨਣੇਂ ਨੀਂ,
ਲੈ ਕੇ ਫੌਜੀ ਖਾਲਸੇ ਖੜ੍ਹੇ।
ਲਾਲ ਕਿਲੇ ਵਿੱਚ ਲਹੂ ਲੋਕਾਂ ਦਾ ਜੋ ਕੈਦ ਹੈ,
ਬੜੇ ਛੇਤੀ ਏਹਦੇ ਬਰੀ ਹੋਣ ਦੀ ਉਮੀਦ ਹੈ।
ਪਿੰਡਾਂ ਵਿੱਚੋਂ ਤੁਰੇ ਹੋਏ ਪੁੱਤ ਨੀਂ ਬਹਾਦਰਾਂ ਦੇ,
ਮਹਿਲੀਂ ਤੇਰੇ ਵੜੇ ਕਿ ਵੜੇ।

(**ਸੰਤ ਰਾਮ ਉਦਾਸੀ**)

**ਗੁਰਪਾਲ ਸਿੰਘ ਪਾਲ ਦਾ ਮੌਜੂਦਾ ਪਤਾ :**
*ਬੱਸ ਸਟੈਂਡ ਦੇ ਪਿੱਛੇ ਵਾਲੀ ਗਲੀ,*
*ਕੋਟਕਪੂਰਾ (ਜ਼ਿਲ੍ਹਾ ਫ਼ਰੀਦਕੋਟ)*
*ਫ਼ੋਨ : 01635-21890*